# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 20.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## PM ਮੋਦੀ ਨੇ ਵੀਅਤਨਾਮੀ ਨੇਤਾ ਨਗੁਇਨ ਫੂ ਟ੍ਰੌਂਗ ਦੇ ਦੇਹਾਂਤ 'ਤੇ ਜਤਾਇਆ ਦੁੱਖ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਵੀਅਤਨਾਮ ਦੇ ਲੰਬੇ ਸਮੇਂ ਤੋਂ ਨੇਤਾ ਰਹੇ ਨਗੁਇਨ ਫੂ ਟ੍ਰੌਂਗ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ। ਟਵਿੱਟਰ 'ਤੇ ਇੱਕ ਪੋਸਟ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਇਸ ਦੁੱਖ ਦੀ ਘੜੀ ਵਿੱਚ ਵੀਅਤਨਾਮ ਦੇ ਲੋਕਾਂ ਅਤੇ ਲੀਡਰਸ਼ਿਪ ਦੇ ਨਾਲ ਇੱਕਮੁੱਠ ਹੈ। ਉਨ੍ਹਾਂ ਨੇ ਕਿਹਾ, "ਮੈਂ ਵੀਅਤਨਾਮੀ ਨੇਤਾ ਅਤੇ ਜਨਰਲ ਸਕੱਤਰ ਨਗੁਇਨ ਫੂ ਟ੍ਰੌਂਗ ਦੇ ਦੇਹਾਂਤ ਦੀ ਖਬਰ ਤੋਂ ਦੁਖੀ ਹਾਂ। ਅਸੀਂ ਵਿਛੜੇ ਆਗੂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ। "ਅਸੀਂ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ ਅਤੇ ਇਸ ਦੁੱਖ ਦੀ ਘੜੀ ਵਿੱਚ ਵੀਅਤਨਾਮ ਦੇ ਲੋਕਾਂ ਅਤੇ ਲੀਡਰਸ਼ਿਪ ਦੇ ਨਾਲ ਇੱਕਜੁੱਟ ਹੋ ਕੇ ਖੜ੍ਹੇ ਹਾਂ।"ਵੀਅਤਨਾਮ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਮੁਖੀ ਨਗੁਇਨ ਫੂ ਟ੍ਰੌਂਗ ਦਾ ਦੇਸ਼ ਦੇ ਸਭ ਤੋਂ ਸ਼ਕਤੀਸ਼ਾਲੀ ਅਹੁਦੇ 'ਤੇ 13 ਸਾਲ ਬਾਅਦ ਸ਼ੁੱਕਰਵਾਰ ਨੂੰ ਦੇਹਾਂਤ ਹੋ ਗਿਆ। ਉਹ 80 ਸਾਲਾਂ ਦੇ ਸਨ। ਉਨ੍ਹਾਂ ਦੀ ਮੌਤ ਸਰਕਾਰ ਵੱਲੋਂ ਇਹ ਐਲਾਨ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਹੋਈ ਹੈ ਕਿ ਉਹ ਆਪਣੀ ਸਿਹਤ 'ਤੇ ਧਿਆਨ ਕੇਂਦਰਿਤ ਕਰਨ ਅਤੇ ਰਾਸ਼ਟਰਪਤੀ ਟੂ ਲੈਮ ਨੂੰ ਵਾਗਡੋਰ ਸੌਂਪਣ ਲਈ ਅਹੁਦਾ ਛੱਡ ਰਹੇ ਹਨ। 2011 ਤੋਂ ਵੀਅਤਨਾਮ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਅਤੇ ਪ੍ਰਧਾਨ, ਟ੍ਰੌਂਗ ਨੂੰ ਦਹਾਕਿਆਂ ਵਿੱਚ ਦੇਸ਼ ਦੇ ਸਭ ਤੋਂ ਸ਼ਕਤੀਸ਼ਾਲੀ ਨੇਤਾਵਾਂ ਵਿੱਚੋਂ ਇੱਕ ਵਜੋਂ ਦੇਖਿਆ ਜਾਂਦਾ ਸੀ। ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਅਧਿਕਾਰਤ ਬਿਆਨ ਮੁਤਾਬਕ ਟ੍ਰੌਂਗ ਦੀ ਮੌਤ ਬੁਢਾਪੇ ਅਤੇ ਗੰਭੀਰ ਬੀਮਾਰੀ ਕਾਰਨ ਹੋਈ ਹੈ।

## ED ਦਾ ਵੱਡਾ ਐਕਸ਼ਨ, ਸੋਨੀਪਤ ਤੋਂ ਕਾਂਗਰਸ MLA ਸੁਰਿੰਦਰ ਪੰਵਾਰ ਗ੍ਰਿਫ਼ਤਾਰ



ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਈਡੀ ਦੀ ਵੱਡੀ ਕਾਰਵਾਈ ਵੇਖਣ ਨੂੰ ਮਿਲੀ। ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਤੋਂ ਕਾਂਗਰਸ ਵਿਧਾਇਕ ਸੁਰਿੰਦਰ ਪੰਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਈਡੀ ਸੋਨੀਪਤ ਤੋਂ ਕਾਂਗਰਸ ਵਿਧਾਇਕ ਸੁਰਿੰਦਰ ਨੂੰ ਅੰਬਾਲਾ ਦਫ਼ਤਰ ਲਈ ਲੈ ਕੇ ਜਾ ਰਹੀ ਹੈ। ਸੂਤਰਾਂ ਮੁਤਾਬਕ ਇਹ ਗ੍ਰਿਫ਼ਤਾਰੀ ਨਾਜਾਇਜ਼ ਮਾਈਨਿੰਗ ਨੂੰ ਲੈ ਕੇ ਕੀਤੀ ਗਈ ਹੈ। ਦੱਸ ਦੇਈਏ ਕਿ 4 ਜਨਵਰੀ ਨੂੰ ਈਡੀ ਦੀ ਟੀਮ ਨੇ ਸੋਨੀਪਤ ਤੋਂ ਕਾਂਗਰਸ ਵਿਧਾਇਕ ਸੁਰਿੰਦਰ ਪੰਵਾਰ ਅਤੇ ਉਨ੍ਹਾਂ ਦੇ ਸਾਥੀਆਂ ਦੇ ਟਿਕਾਣੇ 'ਤੇ ਛਾਪੇਮਾਰੀ ਕੀਤੀ ਸੀ। ਈਡੀ ਅਧਿਕਾਰੀ ਆਪਣੇ ਨਾਲ ਵਿਧਾਇਕ ਸੁਰਿੰਦਰ ਪੰਵਾਰ ਦੀ ਰਿਹਾਇਸ਼ ਅਤੇ ਦਫ਼ਤਰ ਤੋਂ ਕੁਝ ਜ਼ਰੂਰੀ ਦਸਤਾਵੇਜ਼ ਲੈ ਗਏ ਸਨ। ਇਹ ਕਾਰਵਾਈ ਨਾਜਾਇਜ਼ ਮਾਈਨਿੰਗ ਸਬੰਧੀ ਕੀਤੀ ਗਈ। ਈਡੀ ਨੂੰ ਨਾਜਾਇਜ਼ ਮਾਈਨਿੰਗ ਬਾਰੇ ਜਾਣਕਾਰੀ ਮਿਲ ਰਹੀ ਸੀ, ਜਿਸ ਨੂੰ ਲੈ ਕੇ ਈਡੀ ਦੀ ਟੀਮ ਨੇ ਕਾਂਗਰਸੀ ਵਿਧਾਇਕ ਸੁਰਿੰਦਰ ਪੰਵਾਰ ਅਤੇ ਉਨ੍ਹਾਂ ਦੇ ਸਾਥੀਆਂ ਦੇ ਘਰ ਛਾਪਾ ਮਾਰਿਆ ਸੀ। ਇਸ ਦੌਰਾਨ ਈਡੀ ਅਧਿਕਾਰੀਆਂ ਨੇ ਦਸਤਾਵੇਜ਼ਾਂ ਦੀ ਜਾਂਚ ਕੀਤੀ। ਇਸ ਤੋਂ ਬਾਅਦ ਈਡੀ ਦੀ ਟੀਮ ਜਾਂਚ ਪੂਰੀ ਕਰਕੇ ਵਾਪਸ ਚਲੀ ਗਈ ਸੀ। ਦੱਸ ਦੇਈਏ ਕਿ ਈਡੀ ਦੀ ਟੀਮ ਨੇ ਯਮੁਨਾਨਗਰ ਵਿਚ ਨਾਜਾਇਜ਼ ਮਾਈਨਿੰਗ ਨਾਲ ਸਬੰਧਤ ਹਰਿਆਣਾ ਦੇ ਯਮੁਨਾਨਗਰ, ਸੋਨੀਪਤ ਅਤੇ ਕਰਨਾਲ ਖੇਤਰ 'ਚ ਛਾਪੇਮਾਰੀ ਕੀਤੀ ਸੀ।

## ਗੈਰ-ਕਾਨੂੰਨੀ ਬੰਗਲਾਦੇਸ਼ੀਆਂ ਦੀ ਐਂਟਰੀ ਕਰਾਉਣ ਲਈ ਦਲਾਲ ਵਸੂਲਦੇ ਹਨ ਪ੍ਰਤੀ ਵਿਅਕਤੀ 10 ਤੋਂ 20 ਹਜ਼ਾਰ ਰੁਪਏ



ਸਮਾਜਿਕ ਸੰਗਠਨ ਹਿਨੀਵਟ੍ਰੇਪ ਅਚਿਕ ਨੈਸ਼ਨਲ ਮੂਵਮੈਂਟ (HANM) ਨੇ ਮੇਘਾਲਿਆ ਦੇ ਪੁਲਸ ਡਾਇਰੈਕਟਰ ਜਨਰਲ (ਡੀ. ਜੀ. ਪੀ.) ਆਈ. ਨੋਂਗਰਾਂਗ ਨਾਲ ਮੁਲਾਕਾਤ ਕਰ ਕੇ ਦਾਅਵਾ ਕੀਤਾ ਕਿ ਸੂਬੇ 'ਚ ਦਲਾਲ ਸਰਹੱਦ ਦੇ ਨੁਕਸਾਨੇ ਜਾਂ ਬਿਨਾਂ ਵਾੜ ਵਾਲੇ ਹਿੱਸਿਆਂ ਤੋਂ ਬੰਗਲਾਦੇਸ਼ੀ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਐਂਟਰੀ ਕਰਾਉਣ ਲਈ ਪ੍ਰਤੀ ਵਿਅਕਤੀ 10 ਤੋਂ 20 ਹਜ਼ਾਰ ਰੁਪਏ ਵਸੂਲ ਰਹੇ ਹਨ। HANM ਦੇ ਪ੍ਰਧਾਨ ਲਾਮਫ੍ਰਾਂਗ ਖਰਬਾਨੀ ਨੇ ਦੱਸਿਆ ਕਿ ਸੰਗਠਨ ਦੀ ਇਕ ਟੀਮ ਨੇ ਵੀਰਵਾਰ ਨੂੰ ਡੀ. ਜੀ. ਪੀ. ਨਾਲ ਮੁਲਾਕਾਤ ਕੀਤੀ ਅਤੇ ਸਰਹੱਦ ਦੇ ਕੁਝ ਹਿੱਸਿਆਂ ਰਾਹੀਂ ਸੂਬੇ ਵਿਚ ਬੰਗਲਾਦੇਸ਼ੀ ਨਾਗਰਿਕਾਂ ਦੀ ਗੈਰ-ਕਾਨੂੰਨੀ ਐਂਟਰੀ ਨੂੰ ਰੋਕਣ ਲਈ ਉਨ੍ਹਾਂ ਦੀ ਦਖਲਅੰਦਾਜ਼ੀ ਦੀ ਮੰਗ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਬੰਗਲਾਦੇਸ਼ੀ ਨਾਗਰਿਕਾਂ ਦੀ ਐਂਟਰੀ ਦੀ ਸਹੂਲਤ ਲਈ ਪ੍ਰਤੀ ਵਿਅਕਤੀ 10 ਹਜ਼ਾਰ ਰੁਪਏ ਤੋਂ ਲੈ ਕੇ 20 ਹਜ਼ਾਰ ਰੁਪਏ ਤੱਕ ਵਸੂਲ ਰਹੇ ਹਨ। ਮੇਘਾਲਿਆ ਦੀ ਅੰਤਰਰਾਸ਼ਟਰੀ ਸਰਹੱਦ ਦਾ ਲੱਗਭਗ 20 ਫੀਸਦੀ ਹਿੱਸਾ ਬਿਨਾਂ ਵਾੜ ਤੋਂ ਹੈ। ਇਸ ਦਾ ਕਾਰਨ ਖੜ੍ਹੀ ਚੜ੍ਹਾਈ, ਦਰਿਆਵਾਂ ਦੇ ਵਹਾਅ ਅਤੇ ਜੰਗਲੀ ਜਾਨਵਰਾਂ ਦੀ ਆਵਾਜਾਈ ਲਈ ਛੱਡੇ ਗਏ ਗਲਿਆਰੇ ਹਨ। ਗ੍ਰਹਿ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਬੰਗਲਾਦੇਸ਼ੀ ਨਾਗਰਿਕਾਂ ਦੇ ਗੈਰ-ਕਾਨੂੰਨੀ ਐਂਟਰੀ ਨੂੰ ਲੈ ਕੇ ਗੰਭੀਰ ਚਿਤਾਵਾਂ ਹਨ ਅਤੇ ਸਰਕਾਰ ਇਹ ਯਕੀਨੀ ਕਰਨ ਵਿਚ ਕੋਈ ਕਸਰ ਨਹੀਂ ਛੱਡੇਗੀ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਤੁਰੰਤ ਬੰਦ ਹੋਣ। ਉਨ੍ਹਾਂ ਨੇ ਕਿਹਾ ਕਿ ਤਾਲਮੇਲ ਅਤੇ ਕਾਰਵਾਈ ਲਈ ਇਸ ਮਾਮਲੇ ਨੂੰ BSF ਦੇ ਸਾਹਮਣੇ ਚੁੱਕਿਆ ਗਿਆ ਹੈ। ਬੰਗਲਾਦੇਸ਼ ਵਿਚ ਹਿੰਸਾ ਭੜਕਨ ਨਾਲ ਹੀ ਮੇਘਾਲਿਆ ਵਿਚ ਆਈ. ਐੱਲ. ਪੀ. ਸਮਰਥਕ ਵਰਕਰਾਂ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ ਅਤੇ ਬੰਗਲਾਦੇਸ਼ੀ ਨਾਗਰਿਕਾਂ ਦੀ ਘੁਸਪੈਠ ਰੋਕਣ ਲਈ ਪੂਰੇ ਸੂਬੇ ਵਿਚ ਆਪਣੇ ਮੈਂਬਰਾਂ ਨੂੰ ਚੌਕਸ ਕਰ ਦਿੱਤਾ ਹੈ।

## ਪੰਚਾਇਤੀ ਚੋਣ ਹਿੰਸਾ 'ਤੇ ਬੋਲੇ ਗੌਰਵ ਗੋਗੋਈ, 'ਤ੍ਰਿਪੁਰਾ ਨੂੰ ਦੂਜਾ ਮਨੀਪੁਰ ਨਹੀਂ ਬਣਨ ਦੇਵੇਗੀ ਕਾਂਗਰਸ'



ਕਾਂਗਰਸ ਦੇ ਸੀਨੀਅਰ ਨੇਤਾ ਗੌਰਵ ਗੋਗੋਈ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਤ੍ਰਿਪੁਰਾ, ਜੋ ਪੰਚਾਇਤੀ ਚੋਣਾਂ ਨੂੰ ਲੈ ਕੇ ਹਿੰਸਾ ਨਾਲ ਜੂਝ ਰਿਹਾ ਹੈ, ਨੂੰ ਦੂਜਾ ਮਨੀਪੁਰ ਨਹੀਂ ਬਣਨ ਦੇਵੇਗੀ। ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਗੋਗੋਈ ਦੀ ਅਗਵਾਈ ਵਿਚ ਪਾਰਟੀ ਦੇ ਇਕ ਵਫ਼ਦ ਨੇ ਸੂਬੇ ਦੇ ਹਿੰਸਾ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ।

### ਭਾਜਪਾ ਅੱਗੇ ਨਹੀਂ ਝੁਕੇਗੀ ਕਾਂਗਰਸ

ਅਗਰਤਲਾ ਵਿਚ ਪਾਰਟੀ ਦੇ ਸੂਬਾ ਹੈੱਡਕੁਆਰਟਰ 'ਚ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਕਿਹਾ, "ਕਾਂਗਰਸ ਇਸ ਮੁਸ਼ਕਲ ਸਮੇਂ ਵਿਚ ਆਪਣੇ ਨੇਤਾਵਾਂ, ਵਰਕਰਾਂ ਅਤੇ ਤ੍ਰਿਪੁਰਾ ਦੇ ਲੋਕਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਕਾਂਗਰਸ ਭਾਜਪਾ ਦੀਆਂ ਅੱਤਵਾਦੀ ਚਾਲਾਂ ਅੱਗੇ ਨਹੀਂ ਝੁਕੇਗੀ।'' ਕਾਂਗਰਸ ਨੇਤਾ ਨੇ ਕਿਹਾ, ''ਅਸੀਂ ਆਪਣੇ ਦੋ ਦਿਨਾਂ ਦੌਰੇ ਦੌਰਾਨ ਤ੍ਰਿਪੁਰਾ ਵਿਚ ਜੋ ਦੇਖਿਆ, ਉਸ ਬਾਰੇ ਪਾਰਟੀ ਹਾਈ ਕਮਾਂਡ ਨੂੰ ਸੂਚਿਤ ਕਰਾਂਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿ ਰਹੇ ਹਨ ਕਿ ਭਾਰਤ ਲੋਕਤੰਤਰ ਦੀ ਮਾਂ ਹੈ, ਪਰ ਅਸੀਂ ਇੱਥੇ ਜੋ ਦੇਖਿਆ ਉਹ ਲੋਕਤੰਤਰ ਦੇ ਕਤਲ ਤੋਂ ਘੱਟ ਨਹੀਂ ਹੈ।

### ਤ੍ਰਿਪੁਰਾ ਨੂੰ ਦੂਜਾ ਮਨੀਪੁਰ ਬਣਾਉਣ ਦੀ ਕੋਈ ਚਾਲ

ਗੋਗੋਈ ਨੇ ਕਿਹਾ ਕਿ ਕਾਂਗਰਸ ਨੂੰ ਸ਼ੱਕ ਹੈ ਕਿ ਤ੍ਰਿਪੁਰਾ ਨੂੰ ਦੂਜਾ ਮਨੀਪੁਰ ਬਣਾਉਣ ਲਈ ਕੋਈ ਚਾਲ ਚੱਲੀ ਜਾ ਰਹੀ ਹੈ, ਪਰ ਕਾਂਗਰਸ ਅਜਿਹਾ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ, "ਅਸੀਂ ਸੰਸਦ ਦੇ ਆਗਾਮੀ ਬਜਟ ਸੈਸ਼ਨ ਵਿਚ ਤ੍ਰਿਪੁਰਾ ਵਿਚ ਹਿੰਸਾ, ਬੇਇਨਸਾਫ਼ੀ ਅਤੇ ਲੋਕਤੰਤਰ ਲਈ ਖਤਰੇ ਦਾ ਮੁੱਦਾ ਉਠਾਵਾਂਗੇ।" ਉਨ੍ਹਾਂ ਕਿਹਾ, "ਪੰਚਾਇਤੀ ਚੋਣਾਂ ਲਈ ਨਾਮਜ਼ਦਗੀਆਂ ਦਾਖਲ ਕਰਨ ਵਿਚ ਅਸਫਲ ਰਹਿਣ ਵਾਲੇ ਉਮੀਦਵਾਰਾਂ ਦੇ ਨਾਲ ਸੰਵਿਧਾਨਕ ਵਿਵਸਥਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

### ਰਾਜਪਾਲ ਜ਼ਰੂਰੀ ਕਦਮ ਚੁੱਕਣਗੇ

ਅਸੀਂ ਰਾਜਪਾਲ ਐੱਨ ਇੰਦਰਸੇਨਾ ਰੈੱਡੀ ਨਾਲ ਮੁਲਾਕਾਤ ਕੀਤੀ ਅਤੇ ਰਾਜ ਵਿਚ ਹਿੰਸਾ ਨੂੰ ਲੈ ਕੇ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ। ਸਾਨੂੰ ਉਮੀਦ ਹੈ ਕਿ ਰਾਜਪਾਲ ਜ਼ਰੂਰੀ ਕਦਮ ਚੁੱਕਣਗੇ।'' ਕਾਂਗਰਸ ਵਿਧਾਇਕ ਸੁਦੀਪ ਰਾਏ ਬਰਮਨ ਨੇ ਕਿਹਾ ਕਿ ਹਿੰਸਾ ਕਾਰਨ ਪੰਚਾਇਤ ਚੋਣਾਂ ਲਈ ਘੱਟੋ-ਘੱਟ 3,383 ਪਾਰਟੀ ਉਮੀਦਵਾਰ ਨਾਮਜ਼ਦਗੀ ਪੱਤਰ ਦਾਖਲ ਨਹੀਂ ਕਰ ਸਕੇ। ਤ੍ਰਿਪੁਰਾ 'ਚ 8 ਅਗਸਤ ਨੂੰ ਪੰਚਾਇਤੀ ਚੋਣਾਂ ਹੋਣੀਆਂ ਹਨ।

## UPSC ਦੇ ਚੇਅਰਮੈਨ ਮਨੋਜ ਸੋਨੀ ਨੇ ਅਚਾਨਕ ਦਿੱਤਾ ਅਸਤੀਫ਼ਾ, ਬਾਕੀ ਸੀ 5 ਸਾਲ ਦਾ ਕਾਰਜਕਾਲ



ਸੰਘ ਲੋਕ ਸੇਵਾ ਕਮਿਸ਼ਨ (ਯੂ.ਪੀ.ਐੱਸ.ਸੀ.) ਦੀ ਚੇਅਰਮੈਨ ਮਨੋਜ ਸੋਨੀ ਨੇ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਅਸਤੀਫ਼ੇ ਤੋਂ ਬਾਅਦ ਸਮਾਜਿਕ ਅਤੇ ਧਾਰਮਿਕ ਕੰਮਾਂ 'ਤੇ ਧਿਆਨ ਦੇਣਗੇ। ਉਨ੍ਹਾਂ ਨੇ 14 ਦਿਨ ਪਹਿਲੇ ਆਪਣਾ ਅਸਤੀਫ਼ਾ ਅਮਲਾ ਵਿਭਾਗ (ਡੀਓਪੀਟੀ) ਨੂੰ ਭੇਜਿਆ ਸੀ, ਇਸ ਦੀ ਜਾਣਕਾਰੀ ਅੱਜ ਯਾਨੀ ਸ਼ਨੀਵਾਰ ਨੂੰ ਸਾਹਮਣੇ ਆਈ ਹੈ। ਅਜੇ ਅਸਤੀਫ਼ਾ ਸਵੀਕਾਰ ਨਹੀਂ ਹੋਇਆ ਹੈ। ਉਨ੍ਹਾਂ ਦਾ ਕਾਰਜਕਾਲ 2029 ਤੱਕ ਸੀ। ਉਨ੍ਹਾਂ ਨੇ 16 ਮਈ 2023 ਨੂੰ ਯੂ.ਪੀ.ਐੱਸ.ਸੀ. ਦੇ ਚੇਅਰਮੈਨ ਵਜੋਂ ਸਹੁੰ ਚੁੱਕੀ ਸੀ। ਅਸਤੀਫ਼ੇ ਦੀ ਜਾਣਕਾਰੀ ਆਉਣ ਤੋਂ ਬਾਅਦ ਮਨੋਜ ਸੋਨੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਅਸਤੀਫ਼ਾ ਟਰੇਨੀ ਆਈ.ਏ.ਐੱਸ. ਪੂਜਾ ਖੇਡਕਰ ਨਾਲ ਜੁੜੇ ਵਿਵਾਦਾਂ ਅਤੇ ਦੋਸ਼ਾਂ ਨਾਲ ਕਿਸੇ ਵੀ ਤਰ੍ਹਾਂ ਨਾਲ ਜੁੜਿਆ ਨਹੀਂ ਹੈ। ਉਨ੍ਹਾਂ ਨੇ 28 ਜੂਨ 2017 ਨੂੰ ਕਮਿਸ਼ਨ ਦੇ ਮੈਂਬਰ ਵਜੋਂ ਅਹੁਦਾ ਸੰਭਾਲਿਆ ਸੀ। 2017 'ਚ ਯੂ.ਪੀ.ਐੱਸ.ਪੀ. ਚੇਅਰਮੈਨ ਵਜੋਂ ਨਿਯੁਕਤੀ ਤੋਂ ਪਹਿਲੇ ਸੋਨੀ ਗੁਜਰਾਤ ਦੀਆਂ 2 ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਵਜੋਂ 3 ਸਾਲ ਦਾ ਕਾਰਜਕਾਲ ਪੂਰਾ ਕਰ ਚੁੱਕੇ ਹਨ।ਸੋਨੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਰੀਬੀ ਮੰਨਿਆ ਜਾਂਦਾ ਹੈ। 2005 'ਚ ਉਨ੍ਹਾਂ ਨੂੰ 40 ਸਾਲ ਦੀ ਉਮਰ 'ਚ ਵਡੋਦਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਨਿਯੁਕਤ ਕੀਤਾ ਗਿਆ ਸੀ। ਇਸ ਦੇ ਨਾਲ ਹੀ ਸੋਨੀ ਦੇਸ਼ ਦੇ ਸਭ ਤੋਂ ਘੱਟ ਉਮਰ ਦੇ ਵਾਈਸ ਚਾਂਸਲਰ ਬਣ ਗਏ ਸਨ। ਇਸ ਤੋਂ ਬਾਅਦ 2015 ਤੱਕ ਗੁਜਰਾਤ ਸਰਕਾਰ ਦੀ ਯੂਨੀਵਰਸਿਟੀ ਬਾਬਾ ਸਾਹਿਬ ਅੰਬੇਡਕਰ ਓਪਨ ਯੂਨੀਵਰਸਿਟੀ (ਬੀਬੀਓਯੂ) 'ਚ ਵਾਈਸ ਚਾਂਸਲਰ ਵਜੋਂ 5 ਸਾਲਾਂ ਦੇ 2 ਕਾਰਜਕਾਲ ਪੂਰੇ ਕਰ ਚੁੱਕੇ ਹਨ।

## ਚੰਡੀਗੜ੍ਹ ਪੁੱਜੇ SGPC ਪ੍ਰਧਾਨ ਧਾਮੀ, ਸੁਖਬੀਰ ਬਾਦਲ ਦੇ ਸਵਾਲ 'ਤੇ ਵੱਟੀ ਚੁੱਪੀ (ਵੀਡੀਓ)



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸੈਕਟਰ-44 ਵਿਖੇ ਗੁਰਦੁਆਰਾ ਸ੍ਰੀ ਬਾਗ ਸ਼ਹੀਦਾਂ ਵਿਖੇ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਫ਼ਲਸਫ਼ੇ ਦਾ ਪ੍ਰਚਾਰ ਕਰਨ ਲਈ ਐੱਸ. ਜੀ. ਪੀ. ਸੀ. ਵਲੋਂ ਉਕਤ ਉਪਰਾਲਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਭਾਵੇਂ ਸ੍ਰੀ ਦਰਬਾਰ ਸਾਹਿਬ ਦੀ ਗੱਲ ਹੋਵੇ ਜਾਂ ਫਿਰ ਬਾਕੀ ਗੁਰਦੁਆਰਾ ਸਾਹਿਬਾਨਾਂ ਦੀ, ਐੱਸ. ਜੀ. ਪੀ. ਸੀ. ਦੇ ਪ੍ਰਬੰਧ ਬਹੁਤ ਵਧੀਆ ਚੱਲ ਰਹੇ ਹਨ। ਜਦੋਂ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਬਾਰੇ ਸਵਾਲ ਕੀਤਾ ਗਿਆ ਤਾਂ ਉਹ ਇਸ 'ਤੇ ਚੁੱਪੀ ਵੱਟਦੇ ਹੋਏ ਨਜ਼ਰ ਆਏ।ਉਨ੍ਹਾਂ ਕਿਹਾ ਕਿ ਸੁਖਬੀਰ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣਗੇ। ਦੱਸਣਯੋਗ ਹੈ ਕਿ ਅਕਾਲੀ ਦਲ ਦੇ ਬਾਗੀ ਧੜੇ ਦੇ ਆਗੂਆਂ ਦੀ ਸ਼ਿਕਾਇਤ 'ਤੇ 5 ਸਿੱਖ ਸਾਹਿਬਾਨਾਂ ਵਲੋਂ ਤਲਬ ਕੀਤੇ ਜਾਣ ਤੋਂ ਇਕ ਦਿਨ ਮਗਰੋਂ ਸੁਖਬੀਰ ਬਾਦਲ ਨੇ ਕਿਹਾ ਸੀ ਕਿ ਸ਼ਰਧਾਵਾਨ ਅਤੇ ਨਿਮਾਣੇ ਸਿੱਖ ਵਜੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣਗੇ।

## ਨਹਿਰ 'ਚ ਨਹਾਉਂਦਿਆਂ ਸਰਪੰਚ ਸਮੇਤ ਡੁੱਬੇ ਤਿੰਨ ਵਿਅਕਤੀ, ਦੋ ਦੀਆਂ ਲਾਸ਼ਾ ਬਰਾਮਦ, ਦੇਖ ਨਹੀਂ ਹੁੰਦਾ ਪਰਿਵਾਰ ਦਾ ਹਾਲ



ਬਟਾਲਾ ਤੋਂ ਦੁਖਦਾਈ ਘਟਨਾ ਸਾਹਮਣੇ ਆਈ ਹੈ। ਜਿਥੇ ਬਟਾਲਾ ਦੇ ਨੇੜੇ ਕਸਬਾ ਅਲੀਵਾਲ 'ਚੋਂ ਲੰਘਦੀ ਅਪਰਬਾਰੀ ਦੁਆਬ ਨਹਿਰ 'ਚ ਨਹਾਉਂਦਿਆਂ ਚਾਰ ਵਿਅਕਤੀ ਰੁੜ ਗਏ, ਜਿਨਾਂ 'ਚੋਂ ਇਕ ਨੂੰ ਤਾਂ ਸਥਾਨਿਕ ਲੋਕਾਂ ਨੇ ਮੌਕੇ ਤੋਂ ਬਚਾ ਲਿਆ ਸੀ ਪਰ ਇਸ ਘਟਨਾ 'ਚ ਤਿੰਨ ਵਿਅਕਤੀ ਰੁੜ ਗਏ ਹਨ ਅਤੇ ਉਹਨਾਂ ਨੂੰ ਲੱਭਣ ਲਈ ਲੋਕਾਂ ਵੱਲੋਂ ਜੱਦੋ ਜਹਿਦ ਕੀਤੀ ਜਾ ਰਹੀ ਹੈ। ਉਥੇ ਹੀ ਇਸ ਡੁੱਬਣ ਵਾਲੇ ਤਿੰਨੋਂ ਵਿਅਕਤੀ ਪਿੰਡ ਭਰਥਵਾਲ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ ਜਿਹਨਾਂ 'ਚੋਂ ਇੱਕ ਮੌਜੂਦਾ ਸਰਪੰਚ ਰਣਬੀਰ ਸਿੰਘ ਅਤੇ ਬਾਕੀ ਦੋ ਉਸਦੇ ਸਾਥੀ ਦੋਸਤ ਮੱਖਣ ਸਿੰਘ ਅਤੇ ਕਰਤਾਰ ਸਿੰਘ ਦੱਸੇ ਜਾ ਰਹੇ ਹਨ।ਜਾਣਕਾਰੀ ਮੁਤਾਬਕ ਬੀਤੀ ਸ਼ਾਮ ਕਰੀਬ 7 :30 ਦੀ ਇਹ ਘਟਨਾ ਹੈ ਅਤੇ ਉਦੋਂ ਤੋਂ ਹੀ ਬਚਾਅ ਕਾਰਜ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਅਤੇ ਅੱਜ ਸਵੇਰੇ ਜਦ ਪਾਣੀ ਬੰਦ ਕਰਵਾ ਕੇ ਗੋਤਾਖੋਰਾਂ ਵੱਲੋਂ ਇਹਨਾਂ ਦੀ ਭਾਲ ਸ਼ੁਰੂ ਕੀਤੀ ਤਾਂ ਦੋ ਵਿਅਕਤੀ ਮੱਖਣ ਸਿੰਘ ਅਤੇ ਕਰਤਾਰ ਸਿੰਘ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ । ਇਸ ਬਾਰੇ ਜਾਣਕਾਰੀ ਦਿੰਦੇ ਪੁਲਸ ਥਾਣਾ ਇੰਚਾਰਜ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਤੀਸਰੇ ਸਰਪੰਚ ਰਣਬੀਰ ਸਿੰਘ ਦੀ ਵੀ ਭਾਲ ਕੀਤੀ ਜਾ ਰਹੀ ਹੈ । ਉਧਰ ਇਸ ਘਟਨਾ ਨੂੰ ਲੈ ਕੇ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਦੌੜ ਰਹੀ ਹੈ ਅਤੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਦਾ ਰੋ-ਰੋ ਬੁਰਾ ਹਾਲ ਹੈ ।

## ਚੰਡੀਗੜ੍ਹ ਦੇ ਬੱਚੇ ਬਣੇ ਸ਼ਤਰੰਜ ਦੇ ਉਸਤਾਦ, ਤਕਰੀਬਨ 30 ਖਿਡਾਰੀ ਹੋ ਚੁੱਕੇ ਹਨ ਤਿਆਰ



ਸ਼ਤਰੰਜ ਇਕ ਅਜਿਹੀ ਖੇਡ ਹੈ, ਜੋ ਬੱਚਿਆਂ ਨੂੰ ਧਿਆਨ ਕੇਂਦਰਿਤ ਕਰਨਾ ਸਿੱਖਣ 'ਚ ਮਦਦ ਕਰਦੀ ਹੈ ਅਤੇ ਦਿਮਾਗ਼ੀ ਹੁਨਰ ਨੂੰ ਸੁਧਾਰਦੀ ਹੈ। ਚੰਡੀਗੜ੍ਹ ਸੈਕਟਰ-23 ਦੀ ਸ਼ਤਰੰਜ ਅਕੈਡਮੀ ਦੇ ਸੰਸਥਾਪਕ ਅਤੇ ਟ੍ਰੇਨਰ ਨਵੀਨ ਬਾਂਸਲ ਨੇ 2005 ਤੋਂ ਬੱਚਿਆਂ ਨੂੰ ਸ਼ਤਰੰਜ 'ਚ ਮੁਹਾਰਤ ਹਾਸਲ ਕਰਵਾਉਣ 'ਚ ਯੋਗਦਾਨ ਪਾਇਆ ਹੈ। ਹੁਣ ਤੱਕ ਉਨ੍ਹਾਂ ਦੀ ਚੰਡੀਗੜ੍ਹ ਚੈੱਸ ਅਕੈਡਮੀ ਤੋਂ ਕਰੀਬ 30 ਬੱਚੇ ਇੰਟਰਨੈਸ਼ਨਲ ਰੇਟਡ ਖਿਡਾਰੀ ਰਹੇ ਹਨ। ਅਯਾਨ ਗਰਗ ਤੋਂ ਇਲਾਵਾ ਚੰਡੀਗੜ੍ਹ ਚੈੱਸ ਅਕੈਡਮੀ ਦੇ ਜ਼ਿਆਦਾਤਰ ਵਿਦਿਆਰਥੀ ਵੱਖ-ਵੱਖ ਉਮਰ ਵਰਗਾਂ 'ਚ ਸਟੇਟ ਚੈਂਪੀਅਨ ਬਣੇ ਅਤੇ ਅੰਤਰਰਾਸ਼ਟਰੀ ਰੇਟਿੰਗ ਵੀ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਸ਼ਤਰੰਜ ਨੂੰ ਦਿਮਾਗ ਨੂੰ ਸਿਖਲਾਈ ਦੇਣ ਲਈ ਇਕ ਸਾਧਨ ਵਜੋਂ ਵਰਤਿਆ ਜਾਣਾ ਚਾਹੀਦਾ ਹੈ। ਬੱਚਿਆਂ ਨੂੰ ਸ਼ਤਰੰਜ ਸਿੱਖਣ ਦੀ ਪ੍ਰਕਿਰਿਆ ਦਾ ਆਨੰਦ ਲੈਣਾ ਚਾਹੀਦਾ ਹੈ। ਸ਼ਤਰੰਜ ਸਿੱਖਣ ਤੇ ਖੇਡਣ ਨਾਲ ਬੱਚੇ ਆਨੰਦ ਦੇ ਨਾਲ-ਨਾਲ ਆਪਣੇ ਦਿਮਾਗ ਨੂੰ ਕਿਸੇ ਵੀ ਪੱਧਰ ਤੱਕ ਵਧਾ ਸਕਦੇ ਹਨ। ਆਲਮੀ ਸ਼ਤਰੰਜ ਦਿਹਾੜੇ ਮੌਕੇ ਜਾਣਦੇ ਹਾਂ ਚੰਡੀਗੜ੍ਹ ਦੇ ਉਨ੍ਹਾਂ ਬੱਚਿਆਂ ਬਾਰੇ ਜੋ ਸ਼ਤਰੰਜ ਦੇ ਉਸਤਾਦ ਬਣੇ।

### 11 ਸਾਲਾ ਅਯਾਨ ਗਰਗ ਨੇ ਦੁਨੀਆ ਭਰ 'ਚ ਪਾਈਆਂ ਧੁੰਮਾਂ

ਚੰਡੀਗੜ੍ਹ ਸੈਕਟਰ-23 ਦੇ ਰਹਿਣ ਵਾਲੇ 11 ਸਾਲਾ ਅਯਾਨ ਗਰਗ ਨੇ 2023 'ਚ ਸੰਯੁਕਤ ਅਰਬ ਅਮੀਰਾਤ 'ਚ ਏਸ਼ੀਅਨ ਯੂਥ ਅੰਡਰ-12 ਰੈਪਿਡ ਟੀਮ ਸ਼ਤਰੰਜ ਚੈਂਪੀਅਨਸ਼ਿਪ 'ਚ ਕਾਂਸੀ ਦਾ ਤਗਮਾ ਜਿੱਤ ਕੇ ਸ਼ਹਿਰ ਦਾ ਨਾਂ ਰੌਸ਼ਨ ਕੀਤਾ। ਉਹ 6 ਸਾਲ ਦੀ ਉਮਰ 'ਚ ਚੰਡੀਗੜ੍ਹ ਸ਼ਤਰੰਜ ਅਕੈਡਮੀ 'ਚ ਸ਼ਾਮਲ ਹੋਇਆ ਅਤੇ ਟ੍ਰੇਨਰ ਨਵੀਨ ਬਾਂਸਲ ਕੋਲੋਂ ਸਿਖਲਾਈ ਲਈ। ਉਸ ਨੇ ਅੰਡਰ 12 ਓਪਨ ਵਰਗ 'ਚ ਕਾਮਨਵੈਲਥ ਸ਼ਤਰੰਜ ਚੈਂਪੀਅਨਸ਼ਿਪ 2023-24 'ਚ ਕਾਂਸੀ ਦਾ ਤਗਮਾ ਜਿੱਤਿਆ। ਇਹ ਟੂਰਨਾਮੈਂਟ ਮਲੇਸ਼ੀਆ ਦੇ ਮੇਲਾਕਾ 'ਚ ਹੋਇਆ, ਜਿੱਥੇ 11 ਵੱਖ-ਵੱਖ ਦੇਸ਼ਾਂ ਦੇ ਖਿਡਾਰੀ ਹਿੱਸਾ ਲੈਣ ਲਈ ਪਹੁੰਚੇ ਸਨ। ਅੰਡਰ 12 ਇੰਟਰਨੈਸ਼ਨਲ ਚੈੱਸ ਵੈਸਟਰਨ ਮੁਕਾਬਲੇ 'ਚ ਰੇਪਿਡ ਬਲਿਟਸ ਤੇ ਕਲਾਸੀਕਲ ਮੁਕਾਬਲੇ 'ਚ ਸਿਲਵਰ ਤੇ ਗੋਲਡ ਮੈਡਲ ਮਿਲਿਆ। ਉਸ ਨੇ ਦੱਸਿਆ ਕਿ ਉਹ ਦਿਨ 'ਚ 6 ਘੰਟੇ ਪ੍ਰੈਕਟਿਸ ਨੂੰ ਦਿੰਦਾ ਹੈ। ਉਸ ਨੂੰ ਅਕਤੂਬਰ 2023 'ਚ ਕੌਮੀ ਅੰਡਰ 11 ਸ਼ਤਰੰਜ ਚੈਂਪੀਅਨਸ਼ਿਪ 'ਚ 382 ਭਾਗੀਦਾਰਾਂ 'ਚੋਂ ਨੌਵਾਂ ਸਥਾਨ ਮਿਲਿਆ ਅਤੇ 28 ਤੇ 29 ਅਕਤੂਬਰ 2023 ਨੂੰ ਏ. ਐੱਸ. ਸੀ. ਓਪਨ ਰੇਟਿੰਗ ਸ਼ਤਰੰਜ ਟੂਰਨਾਮੈਂਟ 'ਚ ਪੂਰੇ ਭਾਰਤ 'ਚ 617 ਮੁਕਾਬਲੇਬਾਜ਼ਾਂ 'ਚੋਂ ਉਸ ਨੂੰ ਅੱਠਵਾਂ ਸਥਾਨ ਮਿਲਿਆ। ਇਸ ਤੋਂ ਇਲਾਵਾ ਦਸੰਬਰ 2023 'ਚ ਉਸ ਨੇ ਏਸ਼ੀਆ ਯੂਥ ਅੰਡਰ 12 ਰੈਪਿਡ ਟੀਮ ਸ਼ਤਰੰਜ ਚੈਂਪੀਅਨਸ਼ਿਪ 'ਚ ਕਾਂਸੇ ਦਾ ਮੈਡਲ ਜਿੱਤਿਆ। ਜਨਵਰੀ 2024 ਤੱਕ ਦੂਜੇ ਮੈਟਰਿਕਸ ਕੱਪ ਇੰਟਰਨੈਸ਼ਨਲ ਓਪਨ ਫਾਈਡ ਰੇਟਿੰਗ ਸ਼ਤਰੰਜ ਟੂਰਨਾਮੈਂਟ 'ਚੋਂ ਉਸ ਨੂੰ ਪੂਰੇ ਭਾਰਤ ਤੇ ਵਿਦੇਸ਼ਾਂ ਤੋਂ ਆਏ 574 ਮੁਕਾਬਲੇਬਾਜ਼ਾਂ 'ਚੋਂ ਪੰਜਵਾਂ ਸਥਾਨ ਮਿਲਿਆ।

## ਜਲੰਧਰ ਦੇ ਲੋਕਾਂ ਲਈ ਅਲਟੀਮੇਟਮ! 5 ਦਿਨ ਦੇ ਅੰਦਰ-ਅੰਦਰ ਹਰ ਕਿਸੇ ਨੂੰ ਕਰਨਾ ਪਵੇਗਾ ਇਹ ਕੰਮ



ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਸਾਲਿਡ ਵੇਸਟ ਮੈਨੇਜਮੈਂਟ ਰੂਲਜ਼ 2016 ਦੇ ਮਾਮਲੇ ਵਿਚ ਜਲੰਧਰ ਨਗਰ ਨਿਗਮ ਨੂੰ ਜੋ ਅਲਟੀਮੇਟਮ ਦਿੱਤਾ ਹੈ, ਉਸ ਤੋਂ ਬਾਅਦ ਜਲੰਧਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਨੇ ਬਹੁਤ ਸਖ਼ਤ ਹੁਕਮ ਕੱਢੇ ਹਨ, ਜਿਸ ਤਹਿਤ ਸ਼ਹਿਰ ਦੇ ਹਰ ਘਰ ਨੂੰ 25 ਜੁਲਾਈ ਤਕ ਆਪਣਾ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਕਰ ਕੇ ਦੇਣਾ ਹੋਵੇਗਾ, ਨਹੀਂ ਤਾਂ ਨਗਰ ਨਿਗਮ ਦੀ ਟੀਮ ਚਲਾਨ ਕੱਟੇਗੀ। ਜ਼ਿਕਰਯੋਗ ਹੈ ਕਿ ਐੱਨ. ਜੀ. ਟੀ. ਨੇ ਇਨ੍ਹਾਂ ਹੁਕਮਾਂ 'ਤੇ ਅਮਲ ਲਈ ਨਿਗਮ ਨੂੰ ਕੁਝ ਦਿਨਾਂ ਦਾ ਹੀ ਸਮਾਂ ਦਿੱਤਾ ਹੈ, ਜਿਸ ਦੇ ਆਧਾਰ 'ਤੇ ਨਿਗਮ ਕਮਿਸ਼ਨਰ ਨੇ ਨਿਗਮ ਦੇ ਲੱਗਭਗ ਸਾਰੇ ਅਧਿਕਾਰੀਆਂ ਦੀ ਡਿਊਟੀ ਤੈਅ ਕਰ ਦਿੱਤੀ ਹੈ ਅਤੇ ਟਾਈਮ ਲਾਈਨ ਵੀ ਫਿਕਸ ਕਰ ਦਿੱਤੀ ਹੈ।ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕਮਿਸ਼ਨਰ ਗੌਤਮ ਜੈਨ ਨੇ ਕਿਹਾ ਕਿ ਜਿਹੜੀਆਂ ਕਮਰਸ਼ੀਅਲ ਸੰਸਥਾਵਾਂ ਵਿਚੋਂ 50 ਕਿੱਲੋ ਤੋਂ ਵੱਧ ਕੂੜਾ ਰੋਜ਼ਾਨਾ ਨਿਕਲਦਾ ਹੈ, ਉਨ੍ਹਾਂ ਨੂੰ ਇਹ ਕੂੜਾ ਆਪਣੇ ਕੰਪਲੈਕਸ ਵਿਚ ਹੀ ਮੈਨੇਜ ਕਰਨਾ ਹੋਵੇਗਾ, ਨਹੀਂ ਤਾਂ ਨਿਗਮ ਦੀ ਟੀਮ ਇਹ ਕੂੜਾ ਨਹੀਂ ਚੁੱਕੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਇਨ੍ਹਾਂ ਸੰਸਥਾਵਾਂ ਨੂੰ 5 ਤੋਂ ਲੈ ਕੇ 25 ਹਜ਼ਾਰ ਰੁਪਏ ਤਕ ਜੁਰਮਾਨਾ ਕੀਤਾ ਜਾਵੇਗਾ। ਨਿਗਮ ਕਮਿਸ਼ਨਰ ਨੇ ਦੱਸਿਆ ਕਿ ਇਸ ਕੂੜੇ ਨੂੰ ਮੈਨੇਜ ਕਰਨ ਲਈ ਫੋਲੜੀਵਾਲ, ਦਕੋਹਾ, ਬੜਿੰਗ, ਬਸਤੀ ਸ਼ੇਖ ਆਦਿ ਡੰਪ ਸਥਾਨਾਂ 'ਤੇ ਪ੍ਰੋਸੈਸਿੰਗ ਮਸ਼ੀਨਾਂ ਲਾਈਆਂ ਜਾ ਰਹੀਆਂ ਹਨ ਅਤੇ ਡੰਪ ਸਥਾਨਾਂ 'ਤੇ ਹੋਰ ਵੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਮੌਕੇ ਉਨ੍ਹਾਂ ਦੇ ਨਾਲ ਐਡੀਸ਼ਨਲ ਕਮਿਸ਼ਨਰ ਅਮਰਜੀਤ ਬੈਂਸ, ਜੁਆਇੰਟ ਕਮਿਸ਼ਨਰ ਪੁਨੀਤ ਸ਼ਰਮਾ, ਅਸਿਸਟੈਂਟ ਕਮਿਸ਼ਨਰ ਰਾਜੇਸ਼ ਖੋਖਰ ਅਤੇ ਨਿਗਮ ਯੂਨੀਅਨ ਦੇ ਆਗੂ ਬੰਟੂ ਸੱਭਰਵਾਲ ਵੀ ਮੌਜੂਦ ਸਨ। ਨਿਗਮ ਕਮਿਸ਼ਨਰ ਨੇ ਦੱਸਿਆ ਕਿ ਘਰਾਂ ਵਿਚੋਂ ਕੂੜਾ ਇਕੱਤਰ ਕਰਨ ਵਾਲੇ ਰੈਗ ਪਿਕਰਸ ਦਾ ਡਾਟਾ ਤਿਆਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਸ ਸਿਸਟਮ ਦਾ ਹਿੱਸਾ ਬਣਾਇਆ ਜਾਵੇਗਾ। ਯਕੀਨੀ ਬਣਾਇਆ ਕਿ ਹਰ ਰੈਗ ਪਿਕਰ ਗਿੱਲਾ-ਸੁੱਕਾ ਕੂੜਾ ਵੱਖ-ਵੱਖ ਕਰ ਕੇ ਹੀ ਲਿਆਵੇ। ਇਸਦੇ ਲਈ ਰੇਹੜੀਆਂ ਆਦਿ ਦੀ ਖਰੀਦ ਵੀ ਕੀਤੀ ਜਾਵੇਗੀ। ਕਮਿਸ਼ਨਰ ਨੇ ਦੱਸਿਆ ਕਿ ਸ਼ਹਿਰ ਦੇ ਮੇਨ ਡੰਪ ਸਥਾਨਾਂ 'ਤੇ ਸੀ. ਸੀ. ਟੀ. ਵੀ. ਕੈਮਰੇ ਇੰਸਟਾਲ ਕੀਤੇ ਜਾਣਗੇ ਤਾਂ ਕਿ ਲੋਕ ਉਥੇ ਸਿੱਧਾ ਕੂੜਾ ਨਾ ਸੁੱਟ ਸਕਣ। ਉਨ੍ਹਾਂ ਕਿਹਾ ਕਿ ਵਰਿਆਣਾ ਡੰਪ 'ਤੇ ਪੁਰਾਣੇ ਕੂੜੇ ਨੂੰ ਖਤਮ ਕਰਨ ਲਈ ਬਾਇਓ-ਮਾਈਨਿੰਗ ਪਲਾਂਟ ਦੀ ਫਾਈਨਾਂਸ਼ੀਅਲ ਬਿਡ ਓਪਨ ਕਰ ਦਿੱਤੀ ਗਈ ਹੈ ਅਤੇ ਜਲਦ ਉਥੇ ਪਲਾਂਟ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਕਮਿਸ਼ਨਰ ਨੇ ਦੱਸਿਆ ਇਕ ਹਰ ਘਰ ਵਿਚੋਂ ਗਿੱਲਾ-ਸੁੱਕਾ ਕੂੜਾ ਇਕੱਠਾ ਕਰਨ ਦੀ ਮੁਹਿੰਮ ਤਹਿਤ ਨਵੇਂ ਸਿਰੇ ਤੋਂ ਯੂਜ਼ਰਜ਼ ਚਾਰਜ ਵੀ ਤੈਅ ਕੀਤੇ ਜਾ ਰਹੇ ਹਨ ਤਾਂ ਕਿ ਹਰ ਇਲਾਕੇ ਦੇ ਹਿਸਾਬ ਨਾਲ ਹਰ ਘਰ ਵਿਚੋਂ ਇਕੋ-ਜਿਹੇ ਚਾਰਜ ਵਸੂਲੇ ਜਾ ਸਕਣ ਅਤੇ ਇਸ ਵਿਚ ਕੋਈ ਮਨਮਾਨੀ ਨਾ ਹੋਵੇ। ਇਸ ਮੁਹਿੰਮ ਵਿਚ ਨਗਰ ਨਿਗਮ ਯੂਨੀਅਨ ਦੇ ਆਗੂ ਬੰਟੂ ਸੱਭਰਵਾਲ ਨੇ ਵੀ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਨਿਗਮ ਕਮਿਸ਼ਨਰ ਨੇ ਦੱਸਿਆ ਕਿ ਯੂਜ਼ਰਜ਼ ਚਾਰਜ ਤੋਂ ਹੋਣ ਵਾਲੀ ਆਮਦਨ ਦਾ ਇਕ ਵੱਡਾ ਹਿੱਸਾ ਰੈਗ ਪਿਕਰਸ ਅਤੇ ਨਿਗਮ ਦੇ ਸਫਾਈ ਸੇਵਕਾਂ ਦੀ ਭਲਾਈ 'ਤੇ ਖਰਚ ਹੋਵੇਗਾ। ਹੁਣ ਐੱਨ. ਜੀ. ਟੀ. ਨੇ ਅਗਸਤ ਮਹੀਨੇ ਦੇ ਪਹਿਲੇ ਹਫਤੇ ਤਕ ਰਿਪੋਰਟ ਤਲਬ ਕਰ ਲਈ ਹੈ, ਨਹੀਂ ਤਾਂ ਨਿਗਮ ਦੇ ਵੱਡੇ ਅਧਿਕਾਰੀਆਂ 'ਤੇ ਕਾਰਵਾਈ ਤੈਅ ਹੈ। ਅਜਿਹੀ ਹਾਲਤ ਵਿਚ ਨਿਗਮ ਸਾਹਮਣੇ ਚੁਣੌਤੀਆਂ ਤਾਂ ਬਹੁਤ ਹਨ ਪਰ ਕਿਉਂਕਿ ਨਿਗਮ ਦੇ ਇਰਾਦੇ ਨੇਕ ਹਨ, ਇਸ ਲਈ ਸਫਲਤਾ ਦੀ ਸੰਭਾਵਨਾ ਵੀ ਦਿਸ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਨਿਗਮ ਨੂੰ ਰੈਗ ਪਿਕਰਸ ਦਾ ਸਿਸਟਮ ਬਣਾਉਣਾ ਹੋਵੇਗਾ।

## ਜਲੰਧਰ 'ਚ ਫੌਜੀਆਂ ਦੀ ਗੱਡੀ ਤੇ ਟਰੱਕ ਵਿਚਾਲੇ ਜ਼ਬਰਦਸਤ ਟੱਕਰ, 7 ਜਵਾਨ ਗੰਭੀਰ ਜ਼ਖਮੀ



ਜਲੰਧਰ ਵਿੱਚ ਅੱਜ ਸਵੇਰੇ ਫੌਜੀ ਵੀਰਾਂ ਦੀ ਗੱਡੀ ਨਾਲ ਦਰਦਨਾਕ ਹਾਦਸਾ ਵਾਪਰ ਜਾਣ ਦੀ ਖਬਰ ਸਾਹਮਣੇ ਆਈ ਹੈ। ਫੌਜੀਆਂ ਦੀ ਗੱਡੀ ਦੀ ਟਰੱਕ ਵਿਚਾਲੇ ਭਿਆਨਕ ਟੱਕਰ ਹੋਈ। ਇਸ ਹਾਦਸੇ ਵਿੱਚ 7 ਫੌਜੀ ਜਵਾਨ ਦੇ ਗੰਭੀਰ ਰੂਪ 'ਚ ਜ਼ਖਮੀ ਹੋ ਜਾਣ ਦੀ ਖਬਰ ਹੈ। ਸਾਰੇ ਜ਼ਖਮੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਦੀ ਟੀਮ ਮੌਕੇ 'ਤੇ ਪਹੁੰਚ ਗਈ ਹੈ।ਦੱਸਿਆ ਜਾ ਰਿਹਾ ਹੈ ਕਿ ਟਰੱਕ ਅਤੇ ਫੌਜੀਆਂ ਦੀ ਗੱਡੀ ਵਿਚਾਲੇ ਟੱਕਰ ਇੰਨੀ ਜ਼ਬਰਦਸਤ ਸੀ ਕਿ ਫੌਜੀ ਜਵਾਨ ਦੀ ਗੱਡੀ ਪਲਟ ਗਈ ਅਤੇ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਟਰੱਕ ਦਾ ਵੀ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਮੌਕੇ 'ਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੱਤ ਫੌਜੀ ਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਇਲਾਜ ਲਈ ਜਲੰਧਰ ਕੈਂਟ ਆਰਮੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਫੌਜ ਦੀ ਗੱਡੀ ਵਿੱਚ ਕਿੰਨੇ ਜਵਾਨ ਮੌਜੂਦ ਸਨ ਇਸ ਸਬੰਧੀ ਫਿਲਹਾਲ ਕੋਈ ਜਾਣਕਾਰੀ ਨਹੀਂ ਹੈ। ਇਸ ਦੇ ਨਾਲ ਹੀ ਹਾਦਸੇ ਵਿੱਚ ਜਾਨੀ ਨੁਕਸਾਨ ਸਬੰਧੀ ਵੀ ਕੋਈ ਸੂਚਨਾ ਸਾਹਮਣੇ ਨਹੀਂ ਆਈ ਹੈ। ਪੁਲਿਸ ਵੱਲੋਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ 'ਚ ਅੱਜ ਮੀਂਹ ਦਾ ਅਲਰਟ, 21 ਜੁਲਾਈ ਤੋਂ ਸਰਗਰਮ ਹੋਵੇਗਾ ਮਾਨਸੂਨ



ਪੰਜਾਬ ਵਿੱਚ ਮਾਨਸੂਨ ਦੇ ਬਾਵਜੂਦ ਮੀਂਹ ਨਾ ਪੈਣ ਕਾਰਨ ਤਾਪਮਾਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬ ਦੇ ਬਠਿੰਡਾ ਵਿੱਚ ਤਾਪਮਾਨ ਇੱਕ ਵਾਰ ਫਿਰ 40 ਡਿਗਰੀ ਤੱਕ ਪਹੁੰਚ ਗਿਆ ਹੈ। ਇਸ ਦੇ ਨਾਲ ਹੀ 24 ਘੰਟਿਆਂ ਦੇ ਅੰਦਰ ਪੰਜਾਬ ਦੇ ਤਾਪਮਾਨ ਵਿੱਚ 0.6 ਡਿਗਰੀ ਦਾ ਵਾਧਾ ਹੋਇਆ ਹੈ ਅਤੇ ਔਸਤ ਤਾਪਮਾਨ ਆਮ ਨਾਲੋਂ 3.5 ਡਿਗਰੀ ਵੱਧ ਰਹਿਣ ਦਾ ਅਨੁਮਾਨ ਹੈ। ਇਸ ਦੌਰਾਨ ਮੌਸਮ ਵਿਭਾਗ ਨੇ ਚੰਡੀਗੜ੍ਹ ਦੇ ਨਾਲ-ਨਾਲ ਮੁਹਾਲੀ, ਫਤਿਹਗੜ੍ਹ ਸਾਹਿਬ ਅਤੇ ਲੁਧਿਆਣਾ ਵਿੱਚ ਰਾਤ 10 ਵਜੇ ਤੱਕ ਮੀਂਹ ਦਾ ਅਲਰਟ ਜਾਰੀ ਕੀਤਾ ਹੈ।

ਮੌਸਮ ਵਿਗਿਆਨ ਕੇਂਦਰ (IMD) ਅਨੁਸਾਰ ਅੱਜ ਵੀ ਪੰਜਾਬ ਵਿੱਚ ਮੀਂਹ ਨੂੰ ਲੈ ਕੇ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਪਰ ਕੁਝ ਇਲਾਕਿਆਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। IMD ਅਨੁਸਾਰ ਹਿਮਾਚਲ ਦੇ ਨਾਲ ਲੱਗਦੇ 8 ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਐਸਏਐਸ ਨਗਰ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਜਦੋਂ ਕਿ ਦੂਜੇ ਰਾਜਾਂ ਵਿੱਚ ਮੀਂਹ ਦੀ ਸੰਭਾਵਨਾ 25% ਤੋਂ ਘੱਟ ਹੈ। ਪੰਜਾਬ ਵਿੱਚ ਮਾਨਸੂਨ ਦੀ ਰਫ਼ਤਾਰ ਮੱਠੀ ਰਹਿਣ ਦਾ ਕਾਰਨ ਬੰਗਾਲ ਦੀ ਖਾੜੀ ਵਿੱਚ ਦਬਾਅ ਦਾ ਕਮਜ਼ੋਰ ਹੋਣਾ ਅਤੇ ਪੱਛਮੀ ਗੜਬੜੀ ਹੈ। ਪਰ 21 ਜੁਲਾਈ ਦੀ ਭਵਿੱਖਬਾਣੀ ਅਨੁਸਾਰ ਜੇਕਰ ਬੰਗਾਲ ਦੀ ਖਾੜੀ ਦਾ ਪ੍ਰਭਾਵ ਘੱਟ ਜਾਂਦਾ ਹੈ ਤਾਂ ਪੰਜਾਬ ਵਿੱਚ 22 ਜੁਲਾਈ ਤੋਂ ਮੀਂਹ ਪੈ ਸਕਦਾ ਹੈ। ਜਿਸ ਤੋਂ ਬਾਅਦ ਪੰਜਾਬ 'ਚ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੇਗੀ ਅਤੇ ਝੋਨੇ ਦੀ ਕਾਸ਼ਤ ਵੀ ਵਧੀਆ ਹੋਵੇਗੀ।

## ਸਿੱਧੂ ਮੂਸੇਵਾਲਾ ਦੇ ਨਾਂ ਹੋਈ ਇਕ ਹੋਰ ਉਪਲੱਬਧੀ, ਮਿਲਿਆ ਮਿਊਜ਼ਿਕ ਕੈਨੇਡਾ ਦਾ ਗੋਲਡਨ ਸਰਟੀਫਿਕੇਟ




ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਬੇਸ਼ੱਕ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ ਪਰ ਅੱਜ ਵੀ ਉਨ੍ਹਾਂ ਦੇ ਨਾਂ 'ਤੇ ਕਈ ਰਿਕਾਰਡ ਬਣ ਰਹੇ ਹਨ। ਹਾਲ ਹੀ 'ਚ ਸਿੱਧੂ ਮੂਸੇਵਾਲਾ ਦੇ ਗੀਤ 'Drippy' ਨੂੰ ਮਿਊਜ਼ਿਕ ਕੈਨੇਡਾ ਦਾ ਗੋਲਡਨ ਸਰਟੀਫਿਕੇਟ ਮਿਲਿਆ ਹੈ। ਦੱਸ ਦਈਏ ਕਿ ਸਿੱਧੂ ਮੂਸੇਵਾਲਾ ਦੇ ਫੈਨਜ਼ ਅੱਜ ਵੀ ਗਾਇਕ ਨੂੰ ਉਨ੍ਹਾਂ ਦੇ ਗੀਤਾਂ ਰਾਹੀਂ ਯਾਦ ਕਰਦੇ ਹਨ। ਹਾਲ ਹੀ 'ਚ ਸਿੱਧੂ ਮੂਸੇਵਾਲਾ ਦੇ ਨਾਂ ਇੱਕ ਹੋਰ ਉਪਲਬਧੀ ਦਰਜ ਹੋ ਗਈ ਹੈ, ਜਿਸ ਨੂੰ ਜਾਨਣ ਮਗਰੋਂ ਸਿੱਧੂ ਦੇ ਫੈਨਜ਼ ਕਾਫ਼ੀ ਖੁਸ਼ ਹਨ। ਸਿੱਧੂ ਮੂਸੇਵਾਲਾ ਦੇ ਗੀਤ 'ਡ੍ਰਿਪੀ' ਨੂੰ ਮਿਊਜ਼ਿਕ ਕੈਨੇਡਾ ਵੱਲੋਂ ਗੋਲਡਨ ਸਰਟੀਫਿਕੇਟ ਮਿਲੀਆ ਹੈ। ਇਹ ਸਨਮਾਨ ਪ੍ਰਾਪਤ ਕਰਕੇ ਸਿੱਧੂ ਮੂਸੇਵਾਲਾ ਨੇ ਇੱਕ ਹੋਰ ਉੱਚਾਈ ਹਾਸਲ ਕੀਤੀ ਹੈ। 'ਡ੍ਰਿਪੀ' ਗੀਤ ਨੂੰ ਮਹਿਜ਼ ਪੰਜਾਬ ਤੇ ਕੈਨੇਡਾ 'ਚ ਹੀ ਨਹੀਂ ਸਗੋਂ ਦੁਨੀਆ ਭਰ ਦੇ ਮਿਊਜ਼ਿਕਲ ਲਵਰਸ ਵੀ ਕਾਫ਼ੀ ਪਸੰਦ ਕਰਦੇ ਹਨ। ਜਿਵੇਂ ਹੀ ਸਿੱਧੂ ਮੂਸੇਵਾਲਾ ਦੇ ਫੈਨਜ਼ ਨੂੰ ਗਾਇਕ ਦੇ ਗੀਤ ਨੂੰ ਗੋਲਡਨ ਸਰਟੀਫਿਕੇਟ ਮਿਲਣ ਦੀ ਖ਼ਬਰ ਸਾਹਮਣੇ ਆਈ ਹੈ। ਗਾਇਕ ਦੇ ਫੈਨਜ਼ ਕਾਫੀ ਖੁਸ਼ ਹਨ। ਵੱਡੀ ਗਿਣਤੀ 'ਚ ਫੈਨਜ਼ ਸਿੱਧੂ ਮੂਸੇਵਾਲਾ ਨੂੰ ਯਾਦ ਕਰਕੇ ਭਾਵੁਕ ਹੁੰਦੇ ਹੋਏ ਨਜ਼ਰ ਆਏ। ਇਸ ਦੇ ਨਾਲ ਹੀ ਫੈਨਜ਼ ਨੇ ਕੁਮੈਂਟ ਕਰਦਿਆਂ ਗਾਇਕ ਲਈ ਇਨਸਾਫ਼ ਦੀ ਮੰਗ ਕੀਤੀ ਤੇ ਲਿਖਿਆ, Legends Never Die।

ਜ਼ਿਕਰਯੋਗ ਹੈ ਕਿ 29 ਮਈ 2022 ਨੂੰ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਸ਼ਰੇਆਮ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਦਿਨ ਤੋਂ ਲੈ ਕੇ ਮੂਸੇਵਾਲਾ ਦੇ ਮਾਪਿਆਂ ਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਉਸ ਨੂੰ ਇਨਸਾਫ਼ ਦਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਬੀਤੇ ਦਿਨੀਂ ਮਾਨਸਾ ਦੀ ਇਕ ਅਦਾਲਤ ਵੱਲੋਂ ਇਸ ਕਤਲਕਾਂਡ ਵਿਚ 27 ਦੋਸ਼ੀਆਂ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ ਸਨ। ਇਸ ਮਗਰੋਂ ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਸੀ ਕਿ ਅੱਜ ਉਨ੍ਹਾਂ ਦੇ ਦਿਲ ਨੂੰ ਕੁੱਝ ਸਕੂਨ ਮਿਲਿਆ ਹੈ।

## ਹਾਰਦਿਕ-ਨਤਾਸ਼ਾ ਤੋਂ ਪਹਿਲਾਂ ਸਾਲ 2024 'ਚ ਟੁੱਟੇ ਸਨ ਇਹ ਜੋੜੇ, ਹੁਣ ਖ਼ਤਰੇ 'ਚ ਹੈ ਇਨ੍ਹਾਂ 2 ਜੋੜਿਆਂ ਦਾ ਰਿਸ਼ਤਾ?




ਕ੍ਰਿਕਟਰ ਹਾਰਦਿਕ ਪੰਡਯਾ ਅਤੇ ਨਤਾਸ਼ਾ ਸਟੈਨਕੋਵਿਚ ਨੇ 18 ਜੁਲਾਈ ਦੀ ਰਾਤ ਨੂੰ ਸੰਯੁਕਤ ਪੋਸਟ ਕੀਤੀ, ਜਿਸ 'ਚ ਜੋੜੇ ਨੇ ਆਪਣੀ ਖੁਸ਼ੀ ਨਾਲ ਆਪਣੇ ਵੱਖ ਹੋਣ ਦਾ ਐਲਾਨ ਕੀਤਾ ਅਤੇ ਨਾਲ ਹੀ ਕਿਹਾ ਕਿ ਦੋਵੇਂ ਮਿਲ ਕੇ ਆਪਣੇ ਇਕਲੌਤੇ ਬੇਟੇ ਅਗਸਤਿਆ ਦਾ ਪਾਲਣ ਪੋਸ਼ਣ ਕਰਨਗੇ। ਹਾਰਦਿਕ ਅਤੇ ਨਤਾਸ਼ਾ ਦੇ ਤਲਾਕ ਦੀ ਖ਼ਬਰ ਪਿਛਲੇ ਕੁਝ ਸਮੇਂ ਤੋਂ ਸੁਰਖੀਆਂ 'ਚ ਸੀ। ਉਥੇ ਹੀ ਬੀਤੇ ਦਿਨ ਨਤਾਸ਼ਾ ਨੇ ਸਰਬੀਆ ਸਥਿਤ ਆਪਣੇ ਘਰ ਪਹੁੰਚ ਕੇ ਸੋਸ਼ਲ ਮੀਡੀਆ 'ਤੇ ਤਲਾਕ ਦਾ ਐਲਾਨ ਕੀਤਾ। ਇਸ ਖ਼ਬਰ ਨੇ ਸੋਸ਼ਲ ਮੀਡੀਆ 'ਤੇ ਖਲਬਲੀ ਮਚਾ ਦਿੱਤੀ ਹੈ। ਹਾਰਦਿਕ-ਨਤਾਸ਼ਾ ਹੀ ਨਹੀਂ ਸਗੋਂ ਸਾਲ 2024 'ਚ ਇਸ ਜੋੜੇ ਦੇ ਵੱਖ ਹੋਣ ਦੀਆਂ ਖਬਰਾਂ ਨੇ ਵੀ ਕਾਫ਼ੀ ਸੁਰਖੀਆਂ ਬਟੋਰੀਆਂ ਸਨ।

ਈਸ਼ਾ ਕੋਪੀਕਰ ਅਤੇ ਟਿੰਮੀ ਨਾਰੰਗ

ਸ਼ਾਹਰੁਖ ਖ਼ਾਨ ਨਾਲ ਫ਼ਿਲਮ 'ਡੌਨ' 'ਚ ਨਜ਼ਰ ਆਈ ਈਸ਼ਾ ਕੋਪੀਕਰ ਨੇ ਵੀ ਸਾਲ 2024 ਦੀ ਸ਼ੁਰੂਆਤ 'ਚ ਆਪਣੇ ਪਤੀ ਤੋਂ ਵੱਖ ਹੋਣ ਦਾ ਐਲਾਨ ਕੀਤਾ ਸੀ। ਈਸ਼ਾ ਨੇ ਵਿਆਹ ਦੇ 10 ਸਾਲ ਬਾਅਦ ਟਿੰਮੀ ਨਾਰੰਗ ਨੂੰ ਤਲਾਕ ਦੇ ਦਿੱਤਾ। 2009 'ਚ ਵਿਆਹ ਤੋਂ ਬਾਅਦ ਈਸ਼ਾ ਨੇ ਵਿਆਹ ਤੋੜਨ ਦਾ ਕੋਈ ਕਾਰਨ ਨਹੀਂ ਦੱਸਿਆ। ਜੋੜੇ ਦੀ ਇੱਕ ਧੀ ਰਿਆਨਾ ਹੈ, ਜਿਸਨੂੰ ਉਹ ਇਕੱਠੇ ਪਾਲ ਰਹੇ ਹਨ।

## 8 ਸਾਲਾਂ ਮਗਰੋਂ ਸੁਨੀਲ ਗਰੋਵਰ ਦੀ ਇਸ ਪੰਜਾਬੀ ਫ਼ਿਲਮ 'ਚ ਹੋਈ ਵਾਪਸੀ



ਸਾਲ 2016 'ਚ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਵਿਸਾਖੀ ਲਿਸਟ' ਦਾ ਅਹਿਮ ਹਿੱਸਾ ਰਹੇ ਸਨ। ਬਹੁ-ਪੱਖੀ ਅਦਾਕਾਰ ਸੁਨੀਲ ਗਰੋਵਰ, ਜੋ ਅੱਠ ਸਾਲਾਂ ਬਾਅਦ ਮੁੜ ਪੰਜਾਬੀ ਸਿਨੇਮਾ 'ਚ ਅਪਣੀ ਪ੍ਰਭਾਵੀ ਮੌਜ਼ੂਦਗੀ ਦਰਜ ਕਰਵਾਉਣ ਜਾ ਰਹੇ ਹਨ, ਜਿੰਨ੍ਹਾਂ ਦੀ ਨਵੀਂ ਪੰਜਾਬੀ ਫ਼ਿਲਮ 'ਕੈਰੀ ਆਨ ਜੱਟੀਏ' ਰਿਲੀਜ਼ ਲਈ ਤਿਆਰ ਹੈ, ਜਿਸ ਦਾ ਨਿਰਦੇਸ਼ਨ ਸਮੀਪ ਕੰਗ ਵੱਲੋਂ ਕੀਤਾ ਗਿਆ ਹੈ, ਜੋ ਹੀ ਉਨ੍ਹਾਂ ਦੀ ਉਕਤ ਪਹਿਲੀ ਪੰਜਾਬੀ ਫ਼ਿਲਮ ਦੇ ਵੀ ਨਿਰਦੇਸ਼ਕ ਰਹੇ ਸਨ।'ਹੰਬਲ ਮੋਸ਼ਨ ਪਿਕਚਰਜ਼' ਅਤੇ 'ਪਨੋਰਮਾ ਸਟੂਡਿਓਜ' ਵੱਲੋਂ ਸੁਯੰਕਤ ਰੂਪ 'ਚ ਬਣਾਈ ਗਈ ਇਸ ਕਾਮੇਡੀ ਡ੍ਰਾਮੈਟਿਕ ਫ਼ਿਲਮ 'ਕੈਰੀ ਆਨ ਜੱਟਾ' ਦੀ ਨਵੀਂ ਫ੍ਰੈਂਚਾਇਜ਼ੀ ਦੇ ਰੂਪ 'ਚ ਸਾਹਮਣੇ ਆਵੇਗੀ, ਜਿਸ ਦੇ ਨਿਰਮਾਤਾ ਗਿੱਪੀ ਗਰੇਵਾਲ, ਰਵਨੀਤ ਕੌਰ ਗਰੇਵਾਲ, ਕੁਮਾਰ ਮੰਗਤ ਪਾਠਕ, ਅਭਿਸ਼ੇਕ ਪਾਠਕ, ਸਹਿ ਨਿਰਮਾਣਕਾਰ ਮੁਰਲੀਧਰ ਛਾਤਵਾਨੀ, ਸੰਜੀਵ ਜੋਸ਼ੀ, ਭਾਨਾ ਲਾ, ਵਿਨੋਦ ਅਸਵਾਲ ਹਨ। ਜੇਕਰ ਸਟਾਰ ਕਾਸਟ ਦੀ ਗੱਲ ਕਰੀਏ ਇਸ 'ਚ ਗਿੱਪੀ ਗਰੇਵਾਲ, ਸੁਨੀਲ ਗਰੋਵਰ, ਸਰਗੁਣ ਮਹਿਤਾ, ਜੈਸਮੀਨ ਭਸੀਨ ਲੀਡਿੰਗ ਭੂਮਿਕਾਵਾਂ ਨਿਭਾਅ ਰਹੇ ਹਨ, ਜਿੰਨ੍ਹਾਂ ਤੋਂ ਇਲਾਵਾ ਨਿਰਮਲ ਰਿਸ਼ੀ, ਰੁਪਿੰਦਰ ਰੂਪੀ ਆਦਿ ਜਿਹੇ ਮੰਨੇ ਪ੍ਰਮੰਨੇ ਕਲਾਕਾਰ ਵੀ ਮਹੱਤਵਪੂਰਨ ਕਿਰਦਾਰ 'ਚ ਨਜ਼ਰ ਆਉਣਗੇ। ਹਾਲੀਆ ਸਮੇਂ ਦੌਰਾਨ ਸਾਹਮਣੇ ਆਈ ਅਤੇ ਪੰਜਾਬੀ ਫਿਲਮ ਨਿਰਦੇਸ਼ਕ ਮਾਨਵ ਸ਼ਾਹ ਵੱਲੋਂ ਨਿਰਦੇਸ਼ਿਤ ਕੀਤੀ 'ਯੂਨਾਈਟਡ ਕੱਚੇ' ਨਾਲ ਵੀ ਖਾਸੀ ਚਰਚਾ ਦਾ ਕੇਂਦਰ ਬਿੰਦੂ ਬਣੇ ਰਹੇ ਹਨ ਅਦਾਕਾਰ ਸੁਨੀਲ ਗਰੋਵਰ, ਜੋ 'ਜੀ5' 'ਤੇ ਸਟ੍ਰੀਮ ਹੋਈ ਅਤੇ ਅਪਾਰ ਕਾਮਯਾਬ ਰਹੀ, ਜਿਸ ਨੂੰ ਦੇਸ਼-ਵਿਦੇਸ਼ ਵੱਸਦੇ ਪ੍ਰਵਾਸੀ ਪੰਜਾਬੀਆਂ ਦੁਆਰਾ ਕਾਫ਼ੀ ਪਸੰਦ ਕੀਤਾ ਗਿਆ। ਨੈੱਟਫਲਿਕਸ ਦੀ ਮਸ਼ਹੂਰ ਕਾਮੇਡੀ ਸੀਰੀਜ਼ 'ਦਿ ਕਪਿਲ ਸ਼ਰਮਾ ਸ਼ੋਅ' 'ਚ ਉਨ੍ਹਾਂ ਦੀ ਲੰਮੇਂ ਸਮੇਂ ਬਾਅਦ ਹੋਈ ਵਾਪਸੀ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ, ਜਿਸ ਨਾਲ ਉਤਸ਼ਾਹਿਤ ਹੋਏ ਇਹ ਬਾਕਮਾਲ ਅਦਾਕਾਰ ਜਿੱਥੇ ਬਾਲੀਵੁੱਡ ਪ੍ਰੋਜੈਕਟਸ 'ਚ ਵੱਧ ਚੜ੍ਹ ਅਪਣੇ ਪ੍ਰਭਾਵ ਦਾ ਇਜ਼ਹਾਰ ਕਰਵਾ ਰਹੇ ਹਨ।

## Sonu Sood ਨੇ ਯੋਗੀ ਸਰਕਾਰ ਦੀ ਨੇਮਪਲੇਟ ਵਾਲੇ ਫੈਸਲੇ ਨੂੰ ਲੈ ਕੇ ਕਹੀ ਇਹ ਗੱਲ



ਬਾਲੀਵੁੱਡ ਅਦਾਕਾਰ ਸੋਨੂੰ ਸੂਦ ਆਪਣੀ ਬੇਬਾਕੀ ਲਈ ਜਾਣੇ ਜਾਂਦੇ ਹਨ। ਉਹ ਹਰ ਮੁੱਦੇ 'ਤੇ ਖੁੱਲ੍ਹ ਕੇ ਗੱਲ ਕਰਦੇ ਹਨ। ਹਾਲ ਹੀ 'ਚ ਯੂਪੀ ਸਰਕਾਰ ਨੇ 22 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਕਾਂਵੜ ਯਾਤਰਾ ਦੇ ਰੂਟ 'ਤੇ ਦੁਕਾਨਦਾਰਾਂ ਨੂੰ ਆਰਡਰ ਜਾਰੀ ਕੀਤਾ ਹੈ, ਜਿਸ 'ਤੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਦੇ ਰਹੇ ਹਨ। ਇਸ ਦੌਰਾਨ ਸੋਨੂੰ ਸੂਦ ਨੇ ਆਪਣੇ ਐਕਸ ਅਕਾਊਂਟ 'ਤੇ ਅਜਿਹੀ ਪੋਸਟ ਕੀਤੀ ਹੈ, ਜਿਸ ਦੀ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਹੋ ਰਹੀ ਹੈ।ਐਕਸ 'ਤੇ ਇਕ ਪੋਸਟ ਸ਼ੇਅਰ ਕਰਦੇ ਹੋਏ ਸੋਨੂੰ ਸੂਦ ਨੇ ਲਿਖਿਆ, 'ਹਰ ਦੁਕਾਨ 'ਤੇ ਇਕ ਹੀ ਨੇਮ ਪਲੇਟ ਹੋਣੀ ਚਾਹੀਦੀ ਹੈ ਅਤੇ ਉਹ ਹੈ 'ਮਾਨਵਤਾ'। ਪ੍ਰਸ਼ੰਸਕ ਸੋਨੂੰ ਸੂਦ ਦੀ ਇਸ ਪੋਸਟ ਨੂੰ ਯੂਪੀ ਸਰਕਾਰ ਦੇ ਹੁਕਮਾਂ ਨਾਲ ਜੋੜ ਰਹੇ ਹਨ, ਜਿਸ 'ਚ ਦੁਕਾਨਦਾਰਾਂ ਨੂੰ ਕਾਂਵੜ ਯਾਤਰਾ ਰੂਟ 'ਤੇ ਆਪਣੀ ਪਛਾਣ ਦੱਸਣ ਲਈ ਕਿਹਾ ਗਿਆ ਹੈ ਅਤੇ ਉਸ ਦੀ ਸੋਚ ਦੀ ਖੂਬ ਤਾਰੀਫ ਕਰ ਰਹੇ ਹਨ।

### ਸੋਨੂੰ ਸੂਦ ਦੀ ਪੋਸਟ 'ਤੇ ਲੋਕਾਂ ਨੇ ਦਿੱਤੀ ਆਪਣੀ ਪ੍ਰਤੀਕਿਰਿਆ

ਅਦਾਕਾਰ ਦੀ ਪੋਸਟ 'ਤੇ ਇਕ ਯੂਜ਼ਰ ਨੇ ਲਿਖਿਆ, 'ਤੁਹਾਡੀ ਇਸ ਲਾਈਨ ਨਾਲ ਦੁਨੀਆ 'ਚ ਸ਼ਾਂਤੀ ਆਈ ਹੈ ਅਤੇ 'ਮਾਨਵਤਾ' ਦਾ ਬੋਲਬਾਲਾ ਹੋ ਗਿਆ ਹੈ। ਇਸ ਲਈ ਧੰਨਵਾਦ।' ਇਕ ਹੋਰ ਯੂਜ਼ਰ ਨੇ ਲਿਖਿਆ, 'ਤੁਸੀਂ ਸੱਚ ਕਿਹਾ ਸਰ। ਉਮੀਦ ਹੈ ਕਿ ਸਰਕਾਰ ਇਸ ਗੱਲ ਨੂੰ ਸਮਝੇਗੀ।' ਤੀਜੇ ਯੂਜ਼ਰ ਨੇ ਲਿਖਿਆ, 'ਮਾਨਵਤਾ' ਪਹਿਲਾਂ ਆਉਣੀ ਚਾਹੀਦੀ ਹੈ ਅਤੇ ਬਾਕੀ ਸਭ ਬਾਅਦ 'ਚ।' ਇਹ ਸਭ ਤੋਂ ਵਧੀਆ ਨੇਮ ਪਲੇਟ ਹੈ।

### ਇਸ ਫ਼ਿਲਮ 'ਚ ਸੋਨੂੰ ਸੂਦ ਆਉਣਗੇ ਨਜ਼ਰ


ਵਰਕ ਫਰੰਟ ਦੀ ਗੱਲ ਕਰੀਏ ਤਾਂ ਸੋਨੂੰ ਸੂਦ ਜਲਦ ਹੀ ਫ਼ਿਲਮ 'ਫਤਿਹ' 'ਚ ਨਜ਼ਰ ਆਉਣਗੇ। ਇਹ ਪੂਰੀ ਐਕਸ਼ਨ-ਥ੍ਰਿਲਰ ਫ਼ਿਲਮ ਹੋਵੇਗੀ, ਜਿਸ 'ਚ ਸੋਨੂੰ ਸੂਦ ਦਾ ਐਕਸ਼ਨ ਅਵਤਾਰ ਦੇਖਣ ਨੂੰ ਮਿਲੇਗਾ। 'ਫਤਿਹ' ਦਾ ਟੀਜ਼ਰ ਕੁਝ ਦਿਨ ਪਹਿਲਾਂ ਲਾਂਚ ਹੋਇਆ ਸੀ, ਜਿਸ ਨੇ ਫ਼ਿਲਮ ਨੂੰ ਲੈ ਕੇ ਲੋਕਾਂ ਦਾ ਉਤਸ਼ਾਹ ਦੁੱਗਣਾ ਕਰ ਦਿੱਤਾ ਸੀ। ਸੋਨੂੰ ਸੂਦ ਇਸ ਫ਼ਿਲਮ 'ਚ ਨਾ ਸਿਰਫ ਹੀਰੋ ਦੀ ਭੂਮਿਕਾ ਨਿਭਾਅ ਰਹੇ ਹਨ, ਸਗੋਂ ਉਹ ਇਸ ਦੇ ਨਿਰਦੇਸ਼ਕ ਵੀ ਹਨ। ਉਹ ਫ਼ਿਲਮ 'ਫਤਿਹ' ਨਾਲ ਬਤੌਰ ਨਿਰਦੇਸ਼ਕ ਬਾਲੀਵੁੱਡ 'ਚ ਡੈਬਿਊ ਕਰਨ ਜਾ ਰਹੀ ਹੈ।

## ਭਾਰਤ ਆ ਸਕਦੇ ਹਨ 'ਡੈੱਡਪੂਲ ਐਂਡ ਵੂਲਵਰਿਨ'



ਕ੍ਰਿਕਟਰ ਹਾਰਦਿਕ ਪੰਡਯਾ ਅਤੇ ਨਤਾਸ਼ਾ ਸਟੈਨਕੋਵਿਚ ਨੇ 18 ਜੁਲਾਈ ਦੀ ਰਾਤ ਨੂੰ ਸੰਯੁਕਤ ਪੋਸਟ ਕੀਤੀ, ਜਿਸ 'ਚ ਜੋੜੇ ਨੇ ਆਪਣੀ ਖੁਸ਼ੀ ਨਾਲ ਆਪਣੇ ਵੱਖ ਹੋਣ ਦਾ ਐਲਾਨ ਕੀਤਾ ਅਤੇ ਨਾਲ ਹੀ ਕਿਹਾ ਕਿ ਦੋਵੇਂ ਮਿਲ ਕੇ ਆਪਣੇ ਇਕਲੌਤੇ ਬੇਟੇ ਅਗਸਤਿਆ ਦਾ ਪਾਲਣ ਪੋਸ਼ਣ ਕਰਨਗੇ। ਹਾਰਦਿਕ ਅਤੇ ਨਤਾਸ਼ਾ ਦੇ ਤਲਾਕ ਦੀ ਖ਼ਬਰ ਪਿਛਲੇ ਕੁਝ ਸਮੇਂ ਤੋਂ ਸੁਰਖੀਆਂ 'ਚ ਸੀ। ਉਥੇ ਹੀ ਬੀਤੇ ਦਿਨ ਨਤਾਸ਼ਾ ਨੇ ਸਰਬੀਆ ਸਥਿਤ ਆਪਣੇ ਘਰ ਪਹੁੰਚ ਕੇ ਸੋਸ਼ਲ ਮੀਡੀਆ 'ਤੇ ਤਲਾਕ ਦਾ ਐਲਾਨ ਕੀਤਾ। ਇਸ ਖ਼ਬਰ ਨੇ ਸੋਸ਼ਲ ਮੀਡੀਆ 'ਤੇ ਖਲਬਲੀ ਮਚਾ ਦਿੱਤੀ ਹੈ। ਹਾਰਦਿਕ-ਨਤਾਸ਼ਾ ਹੀ ਨਹੀਂ ਸਗੋਂ ਸਾਲ 2024 'ਚ ਇਸ ਜੋੜੇ ਦੇ ਵੱਖ ਹੋਣ ਦੀਆਂ ਖਬਰਾਂ ਨੇ ਵੀ ਕਾਫ਼ੀ ਸੁਰਖੀਆਂ ਬਟੋਰੀਆਂ ਸਨ।
ਸ਼ਾਹਰੁਖ ਖ਼ਾਨ ਨਾਲ ਫ਼ਿਲਮ 'ਡੌਨ' 'ਚ ਨਜ਼ਰ ਆਈ ਈਸ਼ਾ ਕੋਪੀਕਰ ਨੇ ਵੀ ਸਾਲ 2024 ਦੀ ਸ਼ੁਰੂਆਤ 'ਚ ਆਪਣੇ ਪਤੀ ਤੋਂ ਵੱਖ ਹੋਣ ਦਾ ਐਲਾਨ ਕੀਤਾ ਸੀ। ਈਸ਼ਾ ਨੇ ਵਿਆਹ ਦੇ 10 ਸਾਲ ਬਾਅਦ ਟਿੰਮੀ ਨਾਰੰਗ ਨੂੰ ਤਲਾਕ ਦੇ ਦਿੱਤਾ। 2009 'ਚ ਵਿਆਹ ਤੋਂ ਬਾਅਦ ਈਸ਼ਾ ਨੇ ਵਿਆਹ ਤੋੜਨ ਦਾ ਕੋਈ ਕਾਰਨ ਨਹੀਂ ਦੱਸਿਆ। ਜੋੜੇ ਦੀ ਇੱਕ ਧੀ ਰਿਆਨਾ ਹੈ, ਜਿਸਨੂੰ ਉਹ ਇਕੱਠੇ ਪਾਲ ਰਹੇ ਹਨ।

## ਮਾਂ ਚਰਨ ਕੌਰ ਦੀਆਂ ਮੁੜ ਅੱਖਾਂ ਹੋਈਆਂ ਨਮ, ਪੁੱਤ ਸਿੱਧੂ ਨੂੰ ਯਾਦ ਕਰਦਿਆਂ ਆਖੀ ਇਹ ਗੱਲ



ਮਰਹੂਮ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਪੁੱਤ ਨੂੰ ਯਾਦ ਕਰਦਿਆਂ ਇਕ ਪੋਸਟ ਸਾਂਝੀ ਕੀਤੀ ਹੈ, ਜਿਸ ਦੀ ਚਰਚਾ ਹਰ ਪਾਸੇ ਹੋਣ ਲੱਗੀ ਹੈ। ਦਰਅਸਲ, ਚਰਨ ਕੌਰ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਸਿੱਧੂ ਦੀ ਇਕ ਤਸਵੀਰ ਸਾਂਝੀ ਕੀਤੀ ਹੈ।ਦੱਸ ਦਈਏ ਕਿ ਮਾਤਾ ਚਰਨ ਕੌਰ ਨੇ ਤਸਵੀਰ ਨਾਲ ਲਿਖਿਆ ਹੋਇਆ ਹੈ, ''ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ ਮੈਂ ਅਕਾਲ ਪੁਰਖ ਦੇ ਬਿਆਨੇ ਰਜ਼ਾ 'ਚ ਰਹਿਣ ਦੀ ਬਹੁਤ ਕੋਸ਼ਿਸ਼ ਕਰਦੀ ਹਾਂ ਪਰ ਪੁੱਤ ਮੈਂ ਹਾਰ ਜਾਂਦੀ ਹਾਂ ਕਿਉਂਕਿ ਪੁੱਤਰ ਮੈਂ ਤੇਰੀ ਆਹਟ ਨੂੰ ਤੇਰੇ ਅੰਦਰ ਨੂੰ ਪਛਾਣਦੀ ਸੀ। ਮੈਂ ਜਾਣਦੀ ਹਾਂ ਪੁੱਤ ਕਿ ਇਹ ਇਹ ਅਣਮੰਗੀ ਮੌਤ ਤੈਨੂੰ ਬੇਕਸੂਰ ਨੂੰ ਮਿਲੀ। ਮੈਂ ਤੇਰੇ ਚਿਹਰੇ ਨੂੰ ਦੇਖਦੀ ਹਾਂ ਅਤੇ ਬੇਬਸ ਹੋ ਜਾਂਦੀ ਹਾਂ। ਮੇਰਾ ਗੁੱਸਾ ਮੇਰੀ ਬੇਚੈਨੀ ਮੇਰੀਆਂ ਅੱਖਾਂ ਨੂੰ ਨਮ ਕਰ ਦਿੰਦੀ ਹੈ। ਇੱਕ ਮਾਂ ਦਾ ਦਿਲ ਇਹ ਵੀ ਕਰਦਾ ਏ ਕਿ ਆਪਣੇ ਹੱਥੀਂ ਉਨ੍ਹਾਂ ਨੂੰ ਸਜ਼ਾ ਦੇਵਾਂ ਕਿਉਂਕਿ ਪੁੱਤ ਮੈਂ ਤੇਰੀ ਤਸਵੀਰ ਵੱਲ ਦੇਖਦੀ ਇਹ ਮਹਿਸੂਸ ਕਰਦੀ ਹਾਂ ਕਿ ਜਿਵੇਂ ਤੂੰ ਮੈਨੂੰ ਸਵਾਲ ਕਰਦਾ ਏ ਕਿ ਮਾਂ ਮੇਰੀ ਮਿਹਨਤ, ਮੇਰਾ ਨਾਮ ਇਨ੍ਹਾਂ ਦੇ ਰਾਹ ਦਾ ਰੋੜਾ ਆਖਿਰ ਕਿਵੇਂ ਬਣ ਗਿਆ ? ਮੈਂ ਹਕੂਮਤੀ ਅਦਾਲਤਾਂ ਨੂੰ ਇਹ ਯਾਦ ਦਿਵਾਉਣਾ ਚਾਹੁੰਦੀ ਹਾਂ ਕਿ ਮੇਰੇ ਪੁੱਤ ਨੂੰ ਗਿਆਂ ਨੂੰ 2 ਸਾਲ ਹੋ ਚੱਲੇ ਆ ਤੇ ਉਸ ਨੂੰ ਹੈ ਤੋਂ ਸੀ ਬਨਾਉਣ ਵਾਲੇ ਚਿਹਰੇ ਜਗ ਜ਼ਾਹਿਰ ਕਦੋਂ ਹੋਣਗੇ।''ਜ਼ਿਕਰਯੋਗ ਹੈ ਕਿ 29 ਮਈ 2022 ਨੂੰ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਸ਼ਰੇਆਮ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਦਿਨ ਤੋਂ ਲੈ ਕੇ ਮੂਸੇਵਾਲਾ ਦੇ ਮਾਪਿਆਂ ਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਉਸ ਨੂੰ ਇਨਸਾਫ਼ ਦਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਬੀਤੇ ਦਿਨੀਂ ਮਾਨਸਾ ਦੀ ਇਕ ਅਦਾਲਤ ਵੱਲੋਂ ਇਸ ਕਤਲਕਾਂਡ ਵਿਚ 27 ਦੋਸ਼ੀਆਂ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ ਸਨ। ਇਸ ਮਗਰੋਂ ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਸੀ ਕਿ ਅੱਜ ਉਨ੍ਹਾਂ ਦੇ ਦਿਲ ਨੂੰ ਕੁੱਝ ਸਕੂਨ ਮਿਲਿਆ ਹੈ।

## ਗਾਇਕਾ ਮਿਸ ਪੂਜਾ ਦਾ ਫੈਨਜ਼ ਨੂੰ ਖ਼ਾਸ ਸਪ੍ਰਾਈਜ਼



ਪੰਜਾਬੀ ਸੰਗੀਤ ਜਗਤ ਵਿੱਚ ਲੰਮੇਰਾ ਸਫ਼ਰ ਤੈਅ ਕਰ ਚੁੱਕੀ ਗਾਇਕਾ ਮਿਸ ਪੂਜਾ ਦੀ ਧਾਂਕ ਅੱਜ ਸਾਲਾਂ ਬਾਅਦ ਵੀ ਇਸ ਖਿੱਤੇ ਵਿੱਚ ਕਾਇਮ ਹੈ, ਜਿੰਨ੍ਹਾਂ ਦੀ ਬਣੀ ਇਸ ਵਿਲੱਖਣ ਪਹਿਚਾਣ ਦਾ ਹੀ ਇਜ਼ਹਾਰ ਕਰਵਾਉਣ ਜਾ ਰਿਹਾ ਹੈ। ਉਨ੍ਹਾਂ ਦਾ ਨਵਾਂ ਗਾਣਾ 'ਦਿਲਵਾਲੇ ਦਿੱਲੀ ਸ਼ਹਿਰ ਦੇ', ਜੋ 20 ਜੁਲਾਈ ਨੂੰ ਜਾਰੀ ਕੀਤਾ ਜਾ ਰਿਹਾ ਹੈ। 'ਟਾਹਲੀਵੁੱਡ ਰਿਕਾਰਡਜ਼' ਅਤੇ 'ਰੋਮੀ ਟਾਹਲੀ' ਵੱਲੋਂ ਪੇਸ਼ ਕੀਤੇ ਜਾ ਰਹੇ ਇਸ ਬੀਟ ਗੀਤ ਦਾ ਸੰਗੀਤ ਕੁਮਾਰ ਵਿਰਕ ਦੁਆਰਾ ਸੰਗੀਤਬੱਧ ਕੀਤਾ ਗਿਆ ਹੈ, ਜਦਕਿ ਬੋਲ ਲੱਖੀ ਗਿੱਲ ਨੇ ਰਚੇ ਹਨ। ਮਿਊਜ਼ਿਕ ਇੰਡਸਟਰੀ ਵਿੱਚ ਬਤੌਰ ਪੇਸ਼ਕਰਤਾ ਵਜੋਂ ਮਜ਼ਬੂਤ ਪੈੜਾਂ ਸਿਰਜ ਚੁੱਕੇ ਅਤੇ ਕਈ ਵੱਡੇ ਸੰਗੀਤਕ ਪ੍ਰੋਜੈਕਟਸ ਦਾ ਹਿੱਸਾ ਰਹੇ ਅੰਗਦ ਸਿੰਘ ਵੱਲੋਂ ਸਾਹਮਣੇ ਲਿਆਂਦੇ ਜਾ ਰਹੇ ਇਸ ਗਾਣੇ ਦਾ ਮਿਊਜ਼ਿਕ ਵੀਡੀਓ ਵੀ ਬੇਹੱਦ ਖ਼ੂਬਸੂਰਤ ਬਣਾਇਆ ਗਿਆ ਹੈ, ਜਿਸ ਵਿੱਚ ਮਿਸ ਪੂਜਾ ਅਤੇ ਕੁੰਵਰ ਵਿਰਕ ਵੱਲੋਂ ਫੀਚਰਿੰਗ ਕੀਤੀ ਗਈ ਹੈ। ਆਸਟ੍ਰੇਲੀਆਂ ਦਾ ਸਫ਼ਲ ਦੌਰਾ ਸੰਪੰਨ ਕਰ ਹਾਲ ਹੀ ਦਿਨਾਂ ਵਿੱਚ ਵਾਪਸ ਪਰਤੀ ਮਿਸ ਪੂਜਾ ਗਾਇਕੀ ਪਿੜ ਵਿੱਚ ਮੁੜ ਕਾਫ਼ੀ ਸਰਗਰਮ ਹੋਈ ਨਜ਼ਰੀ ਆ ਰਹੀ ਹੈ, ਜਿੰਨ੍ਹਾਂ ਦੇ ਇਸ ਖਿੱਤੇ ਵਿੱਚ ਵੱਧ ਰਹੇ ਗਾਇਨ ਰੁਝੇਵਿਆਂ ਦਾ ਇਜ਼ਹਾਰ ਅਗਲੇ ਦਿਨੀਂ ਬੈਕ-ਟੂ-ਬੈਕ ਰਿਲੀਜ਼ ਹੋਣ ਵਾਲੇ ਉਨ੍ਹਾਂ ਦੇ ਕੁਝ ਹੋਰ ਗਾਣੇ ਵੀ ਭਲੀਭਾਂਤ ਕਰਵਾਉਣਗੇ, ਜਿੰਨ੍ਹਾਂ ਸੰਬੰਧਤ ਮਿਊਜ਼ਿਕ ਵੀਡੀਓਜ਼ ਦਾ ਫਿਲਮਾਂਕਣ ਇੰਨੀਂ ਦਿਨੀਂ ਜ਼ੋਰਾਂ-ਸ਼ੋਰਾਂ ਨਾਲ ਮੁਕੰਮਲ ਕੀਤਾ ਜਾ ਰਿਹਾ ਹੈ।

# Meta ਨੂੰ ਲੱਗਾ 220 ਮਿਲੀਅਨ ਡਾਲਰ ਦਾ ਜੁਰਮਾਨਾ, ਲੱਗੇ ਇਹ ਦੋਸ਼




ਨਾਈਜੀਰੀਆ ਦੀ ਸਰਕਾਰ ਨੇ ਸ਼ੁੱਕਰਵਾਰ ਨੂੰ 'ਮੈਟਾ' 'ਤੇ 220 ਮਿਲੀਅਨ ਅਮਰੀਕੀ ਡਾਲਰ ਦਾ ਜੁਰਮਾਨਾ ਲਗਾਉਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਆਪਣੀ ਜਾਂਚ ਵਿਚ ਕੰਪਨੀ ਨੂੰ ਫੇਸਬੁੱਕ ਅਤੇ ਵਟਸਐਪ ਨਾਲ ਸਬੰਧਤ ਦੇਸ਼ ਦੇ ਡੇਟਾ ਸੁਰੱਖਿਆ ਅਤੇ ਉਪਭੋਗਤਾ ਅਧਿਕਾਰ ਕਾਨੂੰਨਾਂ ਦੀ "ਕਈ ਵਾਰ" ਉਲੰਘਣਾ ਕਰਦੇ ਹੋਇਆ ਪਾਇਆ ਗਿਆ ਹੈ। ਨਾਈਜੀਰੀਆ ਦੇ ਫੈਡਰਲ ਕੰਪੀਟੀਸ਼ਨ ਐਂਡ ਕੰਜ਼ਿਊਮਰ ਪ੍ਰੋਟੈਕਸ਼ਨ ਕਮਿਸ਼ਨ (ਐਫਸੀਸੀਪੀਸੀ) ਦੁਆਰਾ ਇੱਕ ਬਿਆਨ ਵਿੱਚ ਪੰਜ ਤਰੀਕਿਆਂ ਨੂੰ ਸੂਚੀਬੱਧ ਕੀਤਾ ਗਿਆ ਹੈ, ਜਿਸ ਦੇ ਜ਼ਰੀਏ ਮੇਟਾ ਨੇ ਪੱਛਮੀ ਅਫਰੀਕੀ ਦੇਸ਼ 'ਚ ਡਾਟਾ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ।

ਇਹਨਾਂ ਅਭਿਆਸਾਂ ਵਿੱਚ ਬਿਨਾਂ ਅਧਿਕਾਰ ਦੇ ਨਾਈਜੀਰੀਅਨਾਂ ਦੇ ਡੇਟਾ ਨੂੰ ਸਾਂਝਾ ਕਰਨਾ, ਉਪਭੋਗਤਾਵਾਂ ਨੂੰ ਉਹਨਾਂ ਦੇ ਡੇਟਾ ਦੀ ਵਰਤੋਂ ਨੂੰ ਨਿਰਧਾਰਤ ਕਰਨ ਦੇ ਅਧਿਕਾਰ ਤੋਂ ਵਾਂਝਾ ਕਰਨਾ ਅਤੇ ਪੱਖਪਾਤੀ ਅਭਿਆਸਾਂ ਦੇ ਨਾਲ ਨਾਲ ਮਾਰਕੀਟ ਦੇ ਦਬਦਬੇ ਦੀ ਦੁਰਵਰਤੋਂ ਸ਼ਾਮਲ ਹੈ। FCCPC ਦੇ ਮੁੱਖ ਕਾਰਜਕਾਰੀ ਅਧਿਕਾਰੀ ਆਦਮੂ ਅਬਦੁੱਲਾਹੀ ਨੇ ਇੱਕ ਬਿਆਨ ਵਿੱਚ ਕਿਹਾ, "ਰਿਕਾਰਡ 'ਤੇ ਮੌਜੂਦ ਮਹੱਤਵਪੂਰਨ ਸਬੂਤਾਂ ਤੋਂ ਸੰਤੁਸ਼ਟ ਹੋਣ ਅਤੇ ਮੈਟਾ ਪਾਰਟੀਆਂ ਨੂੰ ਆਪਣੀ ਸਥਿਤੀ ਦੀ ਵਿਆਖਿਆ ਕਰਨ ਦਾ ਹਰ ਮੌਕਾ ਪ੍ਰਦਾਨ ਕੀਤਾ ਗਿਆ ਹੈ।" ਕਮਿਸ਼ਨ ਨੇ ਹੁਣ ਅੰਤਮ ਹੁਕਮ ਜਾਰੀ ਕਰ ਦਿੱਤਾ ਹੈ ਅਤੇ ਮੈਟਾ ਪਾਰਟੀਆਂ ਨੂੰ ਜੁਰਮਾਨਾ ਕੀਤਾ ਹੈ।'' ਮੈਟਾ ਦੇ ਬੁਲਾਰੇ ਨੇ ਫੈਸਲੇ 'ਤੇ ਟਿੱਪਣੀ ਕਰਨ ਦੀ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ। FCCPC ਨੇ Meta ਨੂੰ 220 ਮਿਲੀਅਨ ਅਮਰੀਕੀ ਡਾਲਰ ਦਾ ਜੁਰਮਾਨਾ ਲਗਾਇਆ ਅਤੇ ਕੰਪਨੀ ਨੂੰ ਸਥਾਨਕ ਕਾਨੂੰਨਾਂ ਦੀ ਪਾਲਣਾ ਕਰਨ ਅਤੇ ਨਾਈਜੀਰੀਅਨ ਖਪਤਕਾਰਾਂ ਦਾ "ਸ਼ੋਸ਼ਣ" ਬੰਦ ਕਰਨ ਦਾ ਹੁਕਮ ਦਿੱਤਾ।

# ਚੀਨ 'ਚ ਮੀਂਹ ਕਾਰਨ ਢਹਿ ਗਿਆ ਪੁਲ; 11 ਲੋਕਾਂ ਦੀ ਮੌਤ, ਦੇਖੋ ਤਬਾਹੀ ਦਾ ਮੰਜ਼ਰ



ਚੀਨ ਵਿੱਚ ਭਾਰੀ ਮੀਂਹ ਕਾਰਨ 30 ਤੋਂ ਵੱਧ ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ ਅਤੇ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ। ਖ਼ਰਾਬ ਮੌਸਮ ਦੇ ਮੱਦੇਨਜ਼ਰ ਦੇਸ਼ ਵਿੱਚ ਹਾਈ ਅਲਰਟ ਜਾਰੀ ਕੀਤਾ ਗਿਆ ਹੈ। ਸਭ ਤੋਂ ਵੱਡੀ ਸਮੱਸਿਆ ਮੱਧ ਚੀਨ ਦੇ ਹੇਨਾਨ ਸੂਬੇ ਦੇ ਸ਼ਹਿਰਾਂ ਵਿੱਚ ਹੈ। ਅਚਾਨਕ ਆਏ ਹੜ੍ਹ ਨੇ ਕਾਫੀ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਮੌਸਮ ਸੇਵਾ ਵਿਭਾਗ ਅਨੁਸਾਰ, ਨਾਨਯਾਂਗ ਸ਼ਹਿਰ ਦੀ ਸੀਮਾ ਦੇ ਅੰਦਰ, ਡੈਫੇਂਗਿੰਗ ਵਿੱਚ, ਇੱਕ ਦਿਨ ਵਿੱਚ 606.7 ਮਿਲੀਮੀਟਰ (24 ਇੰਚ) ਬਾਰਸ਼ ਦਰਜ ਕੀਤੀ ਗਈ। ਸਮਾਚਾਰ ਏਜੰਸੀ ਸਿਨਹੂਆ ਦੇ ਮੁਤਾਬਕ ਉੱਤਰੀ ਚੀਨ ਦੇ ਸ਼ਾਨਕਸੀ ਸੂਬੇ 'ਚ ਸ਼ੁੱਕਰਵਾਰ ਰਾਤ ਨੂੰ ਭਾਰੀ ਬਾਰਿਸ਼ ਕਾਰਨ ਲਗਭਗ ਰਾਤ 8:40 ਵਜੇ ਇੱਕ ਪੁਲ ਡਿੱਗਣ ਨਾਲ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ। ਸ਼ਨੀਵਾਰ ਸਵੇਰੇ 10 ਵਜੇ ਤੱਕ ਬਚਾਅ ਕਾਰਜ 'ਚ 5 ਵਾਹਨ ਬਰਾਮਦ ਕਰ ਲਏ ਗਏ ਹਨ ਜਦਕਿ ਬਾਕੀ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ। ਸਰਕਾਰੀ ਟੈਲੀਵਿਜ਼ਨ 'ਤੇ ਤਸਵੀਰਾਂ ਨੇ ਪੁਲ ਦਾ ਅੰਸ਼ਕ ਤੌਰ 'ਤੇ ਡੁੱਬਿਆ ਹਿੱਸਾ ਦਿਖਾਇਆ, ਜਿਸ ਦੇ ਉੱਪਰ ਨਦੀ ਵਹਿ ਰਹੀ ਸੀ। ਤੁਹਾਨੂੰ ਦੱਸ ਦੇਈਏ ਕਿ ਉੱਤਰੀ ਅਤੇ ਮੱਧ ਚੀਨ ਦੇ ਵੱਡੇ ਹਿੱਸਿਆਂ ਵਿੱਚ ਮੰਗਲਵਾਰ ਤੋਂ ਭਾਰੀ ਬਾਰਿਸ਼ ਹੋ ਰਹੀ ਹੈ, ਜਿਸ ਕਾਰਨ ਹੜ੍ਹ ਵਰਗੇ ਹਾਲਾਤ ਪੈਦਾ ਹੋ ਗਏ ਅਤੇ ਇਸ ਕਾਰਨ ਕਾਫੀ ਨੁਕਸਾਨ ਹੋਇਆ ਹੈ। ਸ਼ੁੱਕਰਵਾਰ ਨੂੰ, ਸਰਕਾਰੀ ਮੀਡੀਆ ਨੇ ਦੱਸਿਆ ਕਿ ਸ਼ਾਨਕਸੀ ਦੇ ਬਾਓਜੀ ਸ਼ਹਿਰ ਵਿੱਚ ਮੀਂਹ ਕਾਰਨ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਘੱਟੋ ਘੱਟ ਪੰਜ ਲੋਕ ਮਾਰੇ ਗਏ ਅਤੇ ਅੱਠ ਲਾਪਤਾ ਹਨ।

# ਵਿਸ਼ਵ ਸਿਹਤ ਸੁਰੱਖਿਆ 'ਚ ਭਾਰਤ ਦੀ ਅਹਿਮ ਭੂਮਿਕਾ, ਕੋਵਿਡ-19 'ਤੇ ਕਾਬੂ ਪਾਉਣ ਲਈ ਕੀਤਾ ਜਾਵੇਗਾ ਯਾਦ




2021 ਦੇ ਸ਼ੁਰੂਆਤੀ ਮਹੀਨਿਆਂ ਵਿਚ ਜਦੋਂ ਦੁਨੀਆ ਕੋਵਿਡ-19 ਮਹਾਮਾਰੀ ਦੇ ਵਿਨਾਸ਼ਕਾਰੀ ਪ੍ਰਭਾਵ ਨਾਲ ਜੂਝ ਰਹੀ ਸੀ, ਭਾਰਤ ਤੋਂ ਉਮੀਦ ਦੀ ਇਕ ਕਿਰਨ ਉੱਭਰ ਕੇ ਸਾਹਮਣੇ ਆਈ। ਉਤਪਾਦਿਤ ਅਤੇ ਵੇਚੀਆਂ ਗਈਆਂ ਖੁਰਾਕਾਂ ਦੀ ਗਿਣਤੀ ਦੇ ਹਿਸਾਬ ਨਾਲ ਦੁਨੀਆ ਦੀ ਸਭ ਤੋਂ ਵੱਡੀ ਵੈਕਸੀਨ ਨਿਰਮਾਤਾ ਕੰਪਨੀ ਸੀਰਮ ਇੰਸਟੀਚਿਊਟ ਆਫ ਇੰਡੀਆ (SII) ਨੇ ਕੋਵੀਸ਼ੀਲਡ ਨਾਂ ਤੋਂ ਐਸਟਰਾਜ਼ੇਨੇਕਾ ਵੈਕਸੀਨ ਦੀਆਂ ਲੱਖਾਂ ਖੁਰਾਕਾਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਹਾਲਾਂਕਿ, ਇਹ ਟੀਕਾ ਸੈਂਕੜੇ ਅਤੇ ਹਜ਼ਾਰਾਂ ਲੋਕਾਂ ਲਈ ਜੀਵਨ-ਰੱਖਿਅਕ ਸਾਬਤ ਹੋਇਆ ਹੈ, ਵੈਕਸੀਨ ਦੇ ਉਤਪਾਦਨ ਅਤੇ ਵੰਡ ਨੂੰ ਸਿਹਤ ਸੁਰੱਖਿਆ ਦੇ ਇਤਿਹਾਸ ਵਿਚ ਭਾਰਤ ਲਈ ਇਕ ਵਾਟਰਸ਼ੈੱਡ ਪਲ ਵਜੋਂ ਯਾਦ ਕੀਤਾ ਜਾਵੇਗਾ। ਇਸ ਨੇ ਵਿਸ਼ਵ-ਵਿਆਪੀ ਸਿਹਤ ਪ੍ਰਬੰਧਨ 'ਚ ਭਾਰਤ ਦੀ ਮਹੱਤਵਪੂਰਣ ਭੂਮਿਕਾ ਨੂੰ ਰੇਖਾਂਕਿਤ ਕੀਤਾ, ਜੀਵਨ ਬਚਾਉਣ ਵਾਲੇ ਟੀਕਿਆਂ ਨੂੰ ਵੱਡੇ ਪੱਧਰ 'ਤੇ ਪੈਦਾ ਕਰਨ ਅਤੇ ਵੰਡਣ ਦੀ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ।

ਗਲੋਬਲ ਸਿਹਤ ਸੁਰੱਖਿਆ ਵਿਚ ਭਾਰਤ ਦਾ ਯੋਗਦਾਨ ਕੋਵਿਡ-19 ਮਹਾਮਾਰੀ ਤੋਂ ਕਿਤੇ ਵੱਧ ਹੈ। ਦਹਾਕਿਆਂ ਤੋਂ ਭਾਰਤ ਜੈਨਰਿਕ ਦਵਾਈਆਂ ਅਤੇ ਵੈਕਸੀਨਾਂ ਦੇ ਉਤਪਾਦਨ ਵਿਚ ਇਕ ਅਧਾਰ ਰਿਹਾ ਹੈ, ਜੋ ਕਿ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਕਿਫਾਇਤੀ ਅਤੇ ਜ਼ਰੂਰੀ ਦਵਾਈਆਂ ਪ੍ਰਦਾਨ ਕਰਦਾ ਹੈ। ਅਕਸਰ 'ਦੁਨੀਆ ਦੀ ਫਾਰਮੇਸੀ' ਵਜੋਂ ਜਾਣੇ ਜਾਂਦੇ ਭਾਰਤੀ ਫਾਰਮਾਸਿਊਟੀਕਲ ਉਦਯੋਗ ਸ਼ਾਨਦਾਰ ਵਿਕਾਸ ਦਾ ਅਨੁਭਵ ਕਰ ਰਿਹਾ ਹੈ।

ਅੰਕੜੇ ਬਹੁਤ ਕੁਝ ਕਹਿੰਦੇ ਹਨ

ਭਾਰਤੀ ਫਾਰਮਾ ਉਦਯੋਗ ਗਲੋਬਲ ਡਰੱਗ ਸਪਲਾਈ ਚੇਨ ਦੇ 20% ਤੋਂ ਵੱਧ ਦਾ ਦਬਦਬਾ ਰੱਖਦਾ ਹੈ ਅਤੇ ਵਿਸ਼ਵ ਭਰ ਵਿਚ ਵੈਕਸੀਨ ਦੀ ਮੰਗ ਦੇ ਲਗਭਗ 60% ਨੂੰ ਪੂਰਾ ਕਰਦਾ ਹੈ। ਇਹ ਅਮਰੀਕਾ ਵਿਚ 40% ਜੈਨਰਿਕ ਡਰੱਗ ਦੀ ਮੰਗ ਅਤੇ ਯੂਕੇ ਵਿਚ ਸਾਰੀਆਂ ਦਵਾਈਆਂ ਦਾ ਇਕ ਚੌਥਾਈ ਹਿੱਸਾ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਅਤੇ ਮਹੱਤਵਪੂਰਨ ਤੌਰ 'ਤੇ ਭਾਰਤ 50-60% ਤੋਂ ਵੱਧ ਦੇ ਹਿੱਸੇ ਦੇ ਨਾਲ ਯੂਨੈਸਕੋ ਵਿਚ ਇਕ ਵੱਡਾ ਯੋਗਦਾਨ ਪਾਉਣ ਵਾਲਾ ਹੈ।




# ਅਜੇ ਨਹੀਂ ਸੁਲਝਿਆ ਮਾਈਕ੍ਰੋਸਾਫਟ ਦਾ ਸੰਕਟ, ਆਸਟ੍ਰੇਲੀਆ ਨੇ ਜਾਰੀ ਕੀਤੀ ਚਿਤਾਵਨੀ, 4295 ਉਡਾਣਾਂ ਰੱਦ

ਆਸਟ੍ਰੇਲੀਆ ਨੇ ਇੱਕ ਮਹੱਤਵਪੂਰਨ ਸਾਈਬਰ ਆਊਟੇਜ ਤੋਂ ਬਾਅਦ ਖਤਰਨਾਕ ਵੈੱਬਸਾਈਟਾਂ ਬਾਰੇ ਚੇਤਾਵਨੀ ਜਾਰੀ ਕੀਤੀ ਹੈ ਜਿਸ ਨੇ ਦੁਨੀਆ ਭਰ ਦੇ ਬਹੁਤ ਸਾਰੇ ਕਾਰੋਬਾਰਾਂ ਅਤੇ ਸੇਵਾਵਾਂ ਨੂੰ ਪ੍ਰਭਾਵਿਤ ਕੀਤਾ ਹੈ। CrowdStrike ਦੇ ਨੁਕਸਦਾਰ ਸਾਫਟਵੇਅਰ ਅੱਪਡੇਟ ਕਾਰਨ ਹੋਈ ਆਊਟੇਜ ਨੇ ਹਵਾਈ ਅੱਡਿਆਂ, ਸੁਪਰਮਾਰਕੀਟਾਂ, ਬੈਂਕਾਂ ਅਤੇ ਹੋਰ ਖੇਤਰਾਂ ਵਿੱਚ ਵਿਘਨ ਪਾਇਆ।

CrowdStrike ਦੇ CEO ਨੇ ਪ੍ਰਭਾਵ ਲਈ ਮੁਆਫੀ ਮੰਗੀ ਅਤੇ ਉਪਭੋਗਤਾਵਾਂ ਨੂੰ ਸੁਚੇਤ ਰਹਿਣ ਅਤੇ ਅਪਡੇਟਾਂ ਲਈ ਅਧਿਕਾਰਤ ਸੰਚਾਰ ਚੈਨਲਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਆਸਟ੍ਰੇਲੀਅਨ ਸਾਈਬਰ ਸੁਰੱਖਿਆ ਕੇਂਦਰ ਨੇ ਰਿਕਵਰੀ ਸਹਾਇਤਾ (ਦਿ ਸਿਡਨੀ ਮਾਰਨਿੰਗ ਹੇਰਾਲਡ) ਦੀ ਪੇਸ਼ਕਸ਼ ਕਰਨ ਦਾ ਦਾਅਵਾ ਕਰਨ ਵਾਲੀਆਂ ਅਣਅਧਿਕਾਰਤ ਵੈੱਬਸਾਈਟਾਂ ਤੋਂ ਸਾਵਧਾਨ ਰਹਿਣ ਦੀ ਲੋੜ 'ਤੇ ਜ਼ੋਰ ਦਿੱਤਾ।


ਸਾਈਬਰ ਸੁਰੱਖਿਆ ਮੰਤਰੀ ਕਲੇਰ ਓ'ਨੀਲ ਨੇ ਸ਼ਨੀਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਕਿਹਾ ਕਿ ਆਸਟ੍ਰੇਲੀਆਈ ਲੋਕਾਂ ਨੂੰ "ਸੰਭਾਵੀ ਘੁਟਾਲਿਆਂ ਅਤੇ ਫਿਸ਼ਿੰਗ ਕੋਸ਼ਿਸ਼ਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ"। ਸ਼ੁੱਕਰਵਾਰ ਨੂੰ ਆਊਟੇਜ ਨਾਲ ਪ੍ਰਭਾਵਿਤ ਕਾਮਨਵੈਲਥ ਬੈਂਕ ਆਫ ਆਸਟ੍ਰੇਲੀਆ (CBA.AX) ਨੇ ਨਵਾਂ ਟੈਬ ਖੋਲ੍ਹੋ, ਦੇਸ਼ ਦਾ ਸਭ ਤੋਂ ਵੱਡਾ ਬੈਂਕ, ਜਿਸ ਨੇ ਕਿਹਾ ਕਿ ਕੁਝ ਗਾਹਕ ਪੈਸੇ ਟ੍ਰਾਂਸਫਰ ਕਰਨ ਵਿੱਚ ਅਸਮਰੱਥ ਸਨ। ਰਾਸ਼ਟਰੀ ਏਅਰਲਾਈਨ ਕੈਂਟਸ (QAN.AX) ਨੇ ਇੱਕ ਨਵਾਂ ਟੈਬ ਖੋਲ੍ਹਿਆ ਅਤੇ ਸਿਡਨੀ ਏਅਰਪੋਰਟ ਨੇ ਕਿਹਾ ਕਿ ਜਹਾਜ਼ ਦੇਰੀ ਨਾਲ ਚੱਲ ਰਹੇ ਸਨ ਪਰ ਅਜੇ ਵੀ ਉਡਾਣ ਭਰ ਰਹੇ ਹਨ।

ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਸ਼ੁੱਕਰਵਾਰ ਦੇਰ ਰਾਤ ਕਿਹਾ ਕਿ ਨਾਜ਼ੁਕ ਬੁਨਿਆਦੀ ਢਾਂਚੇ, ਸਰਕਾਰੀ ਸੇਵਾਵਾਂ ਜਾਂ ਐਮਰਜੈਂਸੀ ਫੋਨ ਪ੍ਰਣਾਲੀਆਂ 'ਤੇ ਕੋਈ ਪ੍ਰਭਾਵ ਨਹੀਂ ਪਿਆ ਹੈ। CrowdStrike - ਜੋ ਪਹਿਲਾਂ ਲਗਭਗ 83 ਬਿਲੀਅਨ ਡਾਲਰ ਦੀ ਮਾਰਕੀਟ ਕੈਪ 'ਤੇ ਪਹੁੰਚ ਗਈ ਸੀ - ਇੱਕ ਪ੍ਰਮੁੱਖ ਸਾਈਬਰ ਸੁਰੱਖਿਆ ਪ੍ਰਦਾਤਾ ਹੈ, ਜਿਸਦੇ ਵਿਸ਼ਵ ਪੱਧਰ 'ਤੇ ਲਗਭਗ 30,000 ਗਾਹਕ ਹਨ।

ਦੂਜੇ ਪਾਸੇ ਮਾਈਕ੍ਰੋਸਾਫਟ ਦੇ ਸਰਵਰ 'ਚ ਖਰਾਬੀ ਕਾਰਨ ਦੁਨੀਆ ਭਰ 'ਚ ਤਕਨੀਕੀ ਸੇਵਾਵਾਂ ਠੱਪ ਹੋ ਗਈਆਂ। ਅਮਰੀਕਾ, ਬ੍ਰਿਟੇਨ, ਜਰਮਨੀ ਸਮੇਤ 25 ਤੋਂ ਵੱਧ ਦੇਸ਼ਾਂ ਵਿੱਚ ਮੈਡੀਕਲ ਸੇਵਾਵਾਂ ਅਤੇ ਬੈਂਕ ਬੰਦ ਰਹੇ। ਟੀਵੀ ਚੈਨਲਾਂ, ਰੇਡੀਓ ਅਤੇ ਰੇਲਵੇ ਸਟੇਸ਼ਨਾਂ 'ਤੇ ਵੀ ਕੰਮ ਠੱਪ ਹੋ ਗਿਆ ਹੈ। ਇਸ ਸਮੱਸਿਆ ਕਾਰਨ ਬ੍ਰਿਟੇਨ 'ਚ ਸਕਾਈ ਨਿਊਜ਼ ਚੈਨਲ ਦਾ ਪ੍ਰਸਾਰਣ ਬੰਦ ਹੋ ਗਿਆ ਹੈ।4295 ਉਡਾਣਾਂ ਰੱਦ, 3 ਹਜ਼ਾਰ ਜਹਾਜ਼ਾਂ ਨੇ ਦੇਰੀ ਨਾਲ ਉਡਾਣ ਭਰੀ

ਇਸ ਤੋਂ ਇਲਾਵਾ ਅਮਰੀਕਾ, ਬ੍ਰਿਟੇਨ ਅਤੇ ਭਾਰਤ ਵਰਗੇ ਕਈ ਦੇਸ਼ਾਂ 'ਚ 4295 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। 3 ਹਜ਼ਾਰ ਜਹਾਜ਼ਾਂ ਨੇ ਦੇਰੀ ਨਾਲ ਉਡਾਣ ਭਰੀ। ਮਾਈਕ੍ਰੋਸਾਫਟ ਦੇ ਸਰਵਰ 'ਚ ਇਹ ਖਰਾਬੀ ਅਮਰੀਕੀ ਐਂਟੀ-ਵਾਇਰਸ ਕੰਪਨੀ CrowdStrike ਦੇ ਅਪਡੇਟ ਕਾਰਨ ਆਈ ਹੈ।

# ਹੈਤੀ ਦੇ ਤੱਟ 'ਤੇ ਕਿਸ਼ਤੀ ਨੂੰ ਅੱਗ ਲੱਗਣ ਕਾਰਨ ਘੱਟੋ-ਘੱਟ 40 ਪ੍ਰਵਾਸੀਆਂ ਦੀ ਮੌਤ



ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ (IOH) ਨੇ ਕਿਹਾ ਕਿ ਹੈਤੀਆਈ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਕਿਸ਼ਤੀ ਨੂੰ ਅੱਗ ਲੱਗਣ ਕਾਰਨ ਸਮੁੰਦਰ ਵਿੱਚ ਘੱਟੋ-ਘੱਟ 40 ਲੋਕਾਂ ਦੀ ਮੌਤ ਹੋ ਗਈ ਹੈ। ਮਾਈਗ੍ਰੇਸ਼ਨ (ਆਈਓਐਮ) ਨੇ ਸ਼ੁੱਕਰਵਾਰ ਨੂੰ ਪੋਰਟ-ਓ-ਪ੍ਰਿੰਸ ਵਿੱਚ ਕਿਹਾ।


ਕਿਸ਼ਤੀ, ਜਿਸ ਵਿੱਚ 80 ਤੋਂ ਵੱਧ ਲੋਕ ਸਵਾਰ ਸਨ, ਫੋਰਟ ਸੇਂਟ ਮਿਸ਼ੇਲ ਤੋਂ ਰਵਾਨਾ ਹੋਈ ਸੀ। ਹੈਤੀਆਈਓਐਮ ਨੇ ਕੈਰੇਬੀਅਨ ਦੇਸ਼ ਦੇ ਪ੍ਰਵਾਸ ਅਥਾਰਟੀ ਦਾ ਹਵਾਲਾ ਦਿੰਦੇ ਹੋਏ ਇੱਕ ਬਿਆਨ ਵਿੱਚ ਕਿਹਾ ਕਿ ਜਹਾਜ਼ ਉੱਤਰੀ ਆਇਰਲੈਂਡ ਦੇ ਉੱਤਰੀ ਹਿੱਸੇ ਦੇ ਰਸਤੇ ਤੁਰਕਸ ਅਤੇ ਕੈਕੋਸ ਟਾਪੂ ਵੱਲ ਜਾ ਰਿਹਾ ਸੀ।

ਹੈਤੀਆਈ ਕੋਸਟ ਗਾਰਡ ਵੱਲੋਂ 41 ਲੋਕਾਂ ਨੂੰ ਅੱਗ ਤੋਂ ਬਚਾ ਲਿਆ ਗਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਵਰਤਮਾਨ ਵਿੱਚ ਆਈਓਐਮ ਦੁਆਰਾ ਦੇਖਭਾਲ ਅਤੇ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਅਤੇ ਉਨ੍ਹਾਂ ਵਿੱਚੋਂ 11 ਨੂੰ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ ਹੈ।

ਉੱਤਰੀ ਹੈਤੀ ਦੇ ਸਿਵਲ ਪ੍ਰੋਟੈਕਸ਼ਨ ਦਫਤਰ ਦੇ ਮੁਖੀ ਜੀਨ-ਹੈਨਰੀ ਪੇਟਿਟ ਨੇ ਮਿਆਮੀ ਹੇਰਾਲਡ ਨੂੰ ਦੱਸਿਆ ਕਿ ਕਿਸ਼ਤੀ 'ਤੇ ਸਵਾਰ ਯਾਤਰੀਆਂ ਨੇ ਸੁਰੱਖਿਅਤ ਰਸਤੇ ਲਈ ਪ੍ਰਾਰਥਨਾ ਕਰਨ ਲਈ ਮਾਚਿਸ ਦੇ ਨਾਲ ਮੋਮਬੱਤੀਆਂ ਜਗਾਈਆਂ, ਜਿਸ ਨਾਲ ਗੈਸੋਲੀਨ ਨਾਲ ਭਰੇ ਡਰੰਮ ਨੂੰ ਅੱਗ ਲੱਗ ਗਈ ਅਤੇ ਵਿਸਫੋਟ ਹੋ ਗਿਆ।

ਹੈਤੀ ਵਿੱਚ ਆਈਓਐਮ ਦੇ ਮੁਖੀ ਗ੍ਰੇਗੋਇਰ ਗੁਡਸਟੀਨ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਵਿਨਾਸ਼ਕਾਰੀ ਘਟਨਾ ਬੱਚਿਆਂ, ਔਰਤਾਂ ਅਤੇ ਮਰਦਾਂ ਨੂੰ ਅਨਿਯਮਿਤ ਰੂਟਾਂ 'ਤੇ ਪਰਵਾਸ ਕਰਨ ਵਾਲੇ ਖ਼ਤਰਿਆਂ ਨੂੰ ਉਜਾਗਰ ਕਰਦੀ ਹੈ।" ਗੁਡਸਟੀਨ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪਿਛਲੇ ਕਈ ਮਹੀਨਿਆਂ ਤੋਂ ਹੈਤੀ ਵਿੱਚ ਬਹੁਤ ਜ਼ਿਆਦਾ ਗੈਂਗ-ਸਬੰਧਤ ਹਿੰਸਾ ਨੇ ਹੈਤੀ ਵਾਸੀਆਂ ਨੂੰ ਦੇਸ਼ ਤੋਂ ਭੱਜਣ ਲਈ "ਹਤਾਸ਼ ਉਪਾਅ ਕਰਨ" ਲਈ ਮਜਬੂਰ ਕੀਤਾ ਹੈ।


# ਸਟਡੀ ਵੀਜ਼ਾ ਤੇ ਕੈਨੇਡਾ ਗਈ ਸੀ ਪੰਜਾਬੀ ਕੁੜੀ, ਤੀਜੇ ਦਿਨ ਹੀ ਵਾਪਰ ਗਿਆ ਭਾਣਾ



ਕੈਨੇਡਾ ਤੋਂ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ ਜਿੱਥੇ ਇਕ ਸੜਕ ਹਾਦਸੇ ਵਿਚ ਪੰਜਾਬ ਦੀ ਰਹਿਣ ਵਾਲੀ ਕੁੜੀ ਦੀ ਦਰਦਨਾਕ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਮ੍ਰਿਤਕਾ ਦੀ ਪਛਾਣ ਸਾਨੀਆ ਵਜੋਂ ਹੋਈ ਹੈ ਜਿਸ ਦੀ ਉਮਰ ਤਕਰੀਬਨ 19 ਸਾਲ ਸੀ। ਜਾਣਕਾਰੀ ਮੁਤਾਬਕ ਕੈਨੇਡਾ ਦੇ ਸਾਊਥ ਸਰੀ ਵਿਚ ਵਾਪਰੇ ਦਰਦਨਾਕ ਹਾਦਸੇ ਵਿਚ ਪੰਜਾਬ ਦੀ ਰਹਿਣ ਵਾਲੀ ਸਾਨੀਆ ਦੀ ਦਰਦਨਾਕ ਮੌਤ ਹੋ ਗਈ। ਉਹ ਪਿਛਲੇ ਹਫ਼ਤੇ ਹੀ ਸਟਡੀ ਵੀਜ਼ਾ 'ਤੇ ਕੈਨੇਡਾ ਗਈ ਸੀ। ਉੱਥੇ ਪਹੁੰਚ ਕੇ ਤੀਜੇ ਦਿਨ ਹੀ ਉਸ ਨਾਲ ਇਹ ਦਰਦਨਾਕ ਹਾਦਸਾ ਵਾਪਰ ਗਿਆ, ਜਿਸ ਵਿਚ ਉਸ ਦੀ ਜਾਨ ਚਲੀ ਗਈ।

# ਭਾਰਤ ਵਿੱਚ ਮਸ਼ਹੂਰ ਵਿਸ਼ਨੂੰ ਮੰਦਰ

ਸ਼੍ਰੀ ਰੰਗਨਾਥਸਵਾਮੀ ਮੰਦਿਰ ਕਰਨਾਟਕ ਦੇ ਸ਼੍ਰੀਰੰਗਪਟਨਾ ਦੇ ਇਤਿਹਾਸਕ ਸ਼ਹਿਰ ਵਿੱਚ ਸਥਿਤ ਹੈ। ਇਹ ਖੇਤਰ ਦੀ ਅਧਿਆਤਮਿਕ ਆਭਾ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਦੀ ਗਵਾਹੀ ਦਿੰਦਾ ਹੈ। ਇਹ ਮੰਦਰ ਭਗਵਾਨ ਵਿਸ਼ਨੂੰ ਦੇ ਰੂਪ ਭਗਵਾਨ ਰੰਗਨਾਥ ਨੂੰ ਸਮਰਪਿਤ ਹੈ। ਇਹ ਨਾ ਸਿਰਫ਼ ਇੱਕ ਮਸ਼ਹੂਰ ਤੀਰਥ ਸਥਾਨ ਹੈ, ਸਗੋਂ ਆਪਣੀ ਆਰਕੀਟੈਕਚਰਲ ਚਮਕ ਲਈ ਵੀ ਜਾਣਿਆ ਜਾਂਦਾ ਹੈ। ਮੰਦਰ ਕੰਪਲੈਕਸ ਵਿੱਚ ਕਈ ਵਿਹੜੇ, ਹਾਲ ਅਤੇ ਅਸਥਾਨ ਸ਼ਾਮਲ ਹਨ। ਮੁੱਖ ਪਾਵਨ ਅਸਥਾਨ ਵਿੱਚ ਇੱਕ ਕਾਲੇ ਪੱਥਰ ਤੋਂ ਬਣੀ ਭਗਵਾਨ ਰੰਗਨਾਥ ਦੀ ਮੂਰਤੀ ਹੈ। ਇਹ ਦੱਖਣੀ ਭਾਰਤ ਦੇ ਸਭ ਤੋਂ ਪਵਿੱਤਰ ਪੂਜਾ ਸਥਾਨਾਂ ਵਿੱਚੋਂ ਇੱਕ ਵਜੋਂ ਜਾਣਿਆ ਜਾਂਦਾ ਹੈ ਅਤੇ ਵੈਸ਼ਨਵੀਆਂ ਲਈ ਇੱਕ ਬਹੁਤ ਹੀ ਸਤਿਕਾਰਯੋਗ ਤੀਰਥ ਸਥਾਨ ਹੈ।





ਬਦਰੀਨਾਥ ਮੰਦਿਰ ਚਾਰ ਧਾਮ ਸਥਾਨਾਂ ਦਾ ਇੱਕ ਹਿੱਸਾ ਹੈ। ਇਹ ਭਗਵਾਨ ਵਿਸ਼ਨੂੰ ਦੇ ਸਨਮਾਨ ਵਿੱਚ ਬਣੇ ਸਭ ਤੋਂ ਮਸ਼ਹੂਰ ਮੰਦਰਾਂ ਵਿੱਚੋਂ ਇੱਕ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਮੰਦਰ ਦੇ ਦਰਸ਼ਨ ਕਰਨ ਨਾਲ ਤੁਹਾਡੇ ਪਾਪ ਧੋਤੇ ਜਾਣਗੇ। ਆਦਿ ਸ਼ੰਕਰਾ, ਇੱਕ ਭਾਰਤੀ ਸੰਤ ਨੇ ਨੌਵੀਂ ਸਦੀ ਵਿੱਚ ਮੰਦਰ ਦਾ ਨਿਰਮਾਣ ਕੀਤਾ ਸੀ। ਇਹ ਮੰਦਰ ਰਵਾਇਤੀ ਗੜ੍ਹਵਾਲੀ ਆਰਕੀਟੈਕਚਰ ਵਿੱਚ ਬਣਾਇਆ ਗਿਆ ਹੈ ਅਤੇ ਆਲੇ ਦੁਆਲੇ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।

ਪਦਮਨਾਭ ਸਵਾਮੀ ਮੰਦਿਰ ਨੂੰ 108 ਦਿਵਿਆ ਦੇਸਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਦੀ ਸ਼ੁਰੂਆਤ ਕਈ ਸਾਲ ਪਹਿਲਾਂ ਹੋਈ ਹੈ। ਤ੍ਰਾਵਣਕੋਰ ਰਾਜਵੰਸ਼ ਦੇ ਸ਼ਾਸਕਾਂ ਨੇ 8ਵੀਂ ਸਦੀ ਵਿੱਚ ਮੰਦਰ ਦਾ ਨਿਰਮਾਣ ਕਰਵਾਇਆ ਸੀ। ਮੁੱਖ ਦੇਵਤਾ, ਭਗਵਾਨ ਪਦਮਨਾਭ ਨੂੰ ਸੱਪ ਅਨੰਤ 'ਤੇ ਟਿਕਿਆ ਦੇਖਿਆ ਜਾ ਸਕਦਾ ਹੈ। ਇਸਦੀ ਆਰਕੀਟੈਕਚਰ ਦ੍ਰਾਵਿੜ ਅਤੇ ਕੇਰਲਾ ਸ਼ੈਲੀਆਂ ਦਾ ਸੁਮੇਲ ਹੈ, ਅਤੇ ਇਸ ਵਿੱਚ ਸੌ ਫੁੱਟ ਉੱਚਾ ਗੋਪੁਰਮ ਹੈ। ਇਹ ਦੁਨੀਆ ਦੇ ਸਭ ਤੋਂ ਅਮੀਰ ਮੰਦਰ ਵਜੋਂ ਜਾਣਿਆ ਜਾਂਦਾ ਹੈ ਜਿਸ ਵਿੱਚ ਕੀਮਤੀ ਕਲਾਕ੍ਰਿਤੀਆਂ, ਸਿੱਕਿਆਂ ਅਤੇ ਗਹਿਣਿਆਂ ਦਾ ਵਿਸ਼ਾਲ ਸੰਗ੍ਰਹਿ ਹੈ।





ਦਵਾਰਕਾਧੀਸ਼ ਮੰਦਿਰ ਗੁਜਰਾਤ ਦੇ ਦਵਾਰਕਾ ਵਿੱਚ ਗੋਮਤੀ ਨਦੀ ਦੇ ਕੰਢੇ ਸਥਿਤ ਚਾਰਧਾਮ ਸਥਾਨਾਂ ਵਿੱਚੋਂ ਇੱਕ ਹੈ। ਇਹ ਮੰਦਰ ਵਿਸ਼ਨੂੰ ਦੇ ਰੂਪਾਂ ਵਿੱਚੋਂ ਇੱਕ ਭਗਵਾਨ ਕ੍ਰਿਸ਼ਨ ਨੂੰ ਸਮਰਪਿਤ ਹੈ। ਕ੍ਰਿਸ਼ਨਾ ਜੀ ਦੇ ਪੋਤੇ ਨੇ ਇਸ ਮੰਦਰ ਦਾ ਨਿਰਮਾਣ ਕਰਵਾਇਆ ਸੀ ਅਤੇ ਇਹ ਲਗਭਗ 2,200 ਸਾਲ ਪੁਰਾਣਾ ਹੈ। ਮੰਦਰ ਦੇ ਦੋ ਪ੍ਰਵੇਸ਼ ਦੁਆਰ ਹਨ: ਦੱਖਣ ਵੱਲ ਸਵਰਗ ਦੁਆਰ ਅਤੇ ਉੱਤਰ ਵੱਲ ਮੋਕਸ਼ ਦੁਆਰ। ਮੰਦਰ ਦੇ ਸਿਖਰ 'ਤੇ, ਇੱਕ ਝੰਡਾ ਹੈ ਜੋ ਦਰਸਾਉਂਦਾ ਹੈ ਕਿ ਭਗਵਾਨ ਕ੍ਰਿਸ਼ਨ ਹਮੇਸ਼ਾ ਉੱਥੇ ਰਹਿਣਗੇ।


ਜਗਨਨਾਥ ਮੰਦਰ ਚਾਰ ਧਾਮ ਸਥਾਨਾਂ ਵਿੱਚੋਂ ਇੱਕ ਹੈ ਜੋ ਹਿੰਦੂਆਂ ਲਈ ਬਹੁਤ ਮਹੱਤਵ ਰੱਖਦਾ ਹੈ। ਮੰਦਰ ਵਿੱਚ ਤਿੰਨ ਦੇਵਤੇ ਹਨ- ਭਗਵਾਨ ਜਗਨਨਾਥ, ਉਸਦੀ ਭੈਣ ਸੁਭਦਰਾ ਅਤੇ ਵੱਡੇ ਭਰਾ ਬਲਭੱਦਰ। ਭਗਵਾਨ ਜਗਨਨਾਥ ਭਗਵਾਨ ਵਿਸ਼ਨੂੰ ਦਾ ਇੱਕ ਰੂਪ ਹੈ, ਜੋ ਮੌਜੂਦਾ ਕਲਿਯੁਗ ਦੀ ਰੱਖਿਆ ਲਈ ਧਰਤੀ ਉੱਤੇ ਉਤਰਿਆ ਸੀ। ਇਸ ਮੰਦਰ ਦੇ ਆਲੇ-ਦੁਆਲੇ ਤੀਹ ਛੋਟੇ ਮੰਦਰ ਹਨ, ਅਤੇ ਤੁਹਾਨੂੰ ਮੁੱਖ ਮੰਦਰ ਦੇ ਦੇਵਤਿਆਂ ਨੂੰ ਦੇਖਣ ਤੋਂ ਪਹਿਲਾਂ ਉਨ੍ਹਾਂ ਸਾਰਿਆਂ ਦਾ ਦੌਰਾ ਕਰਨਾ ਚਾਹੀਦਾ ਹੈ।




ਜਗਨਨਾਥ ਮੰਦਰ ਚਾਰ ਧਾਮ ਸਥਾਨਾਂ ਵਿੱਚੋਂ ਇੱਕ ਹੈ ਜੋ ਹਿੰਦੂਆਂ ਲਈ ਬਹੁਤ ਮਹੱਤਵ ਰੱਖਦਾ ਹੈ। ਮੰਦਰ ਵਿੱਚ ਤਿੰਨ ਦੇਵਤੇ ਹਨ- ਭਗਵਾਨ ਜਗਨਨਾਥ, ਉਸਦੀ ਭੈਣ ਸੁਭਦਰਾ ਅਤੇ ਵੱਡੇ ਭਰਾ ਬਲਭੱਦਰ। ਭਗਵਾਨ ਜਗਨਨਾਥ ਭਗਵਾਨ ਵਿਸ਼ਨੂੰ ਦਾ ਇੱਕ ਰੂਪ ਹੈ, ਜੋ ਮੌਜੂਦਾ ਕਲਿਯੁਗ ਦੀ ਰੱਖਿਆ ਲਈ ਧਰਤੀ ਉੱਤੇ ਉਤਰਿਆ ਸੀ। ਇਸ ਮੰਦਰ ਦੇ ਆਲੇ-ਦੁਆਲੇ ਤੀਹ ਛੋਟੇ ਮੰਦਰ ਹਨ, ਅਤੇ ਤੁਹਾਨੂੰ ਮੁੱਖ ਮੰਦਰ ਦੇ ਦੇਵਤਿਆਂ ਨੂੰ ਦੇਖਣ ਤੋਂ ਪਹਿਲਾਂ ਉਨ੍ਹਾਂ ਸਾਰਿਆਂ ਦਾ ਦੌਰਾ ਕਰਨਾ ਚਾਹੀਦਾ ਹੈ।



ਸ਼੍ਰੀ ਵੈਂਕਟੇਸ਼ਵਰ ਮੰਦਰ ਦੁਨੀਆ ਦੇ ਸਭ ਤੋਂ ਵੱਧ ਵੇਖੇ ਜਾਣ ਵਾਲੇ ਤੀਰਥ ਸਥਾਨਾਂ ਵਿੱਚੋਂ ਇੱਕ ਹੈ। ਇਹ ਵੈਂਕਟਾ ਪਹਾੜੀ 'ਤੇ ਸਥਿਤ ਹੈ ਅਤੇ ਭਗਵਾਨ ਵਿਸ਼ਨੂੰ ਦੇ ਅਵਤਾਰ ਸ਼੍ਰੀ ਵੈਂਕਟੇਸ਼ਵਰ ਨੂੰ ਸਮਰਪਿਤ ਹੈ। ਮੰਦਿਰ ਦਾ ਜ਼ਿਕਰ ਕਈ ਪ੍ਰਾਚੀਨ ਗ੍ਰੰਥਾਂ ਜਿਵੇਂ ਕਿ ਰਿਗਵੇਦ ਵਿੱਚ ਕੀਤਾ ਗਿਆ ਹੈ। ਇਹ ਦ੍ਰਾਵਿੜ ਆਰਕੀਟੈਕਚਰਲ ਸ਼ੈਲੀ ਵਿੱਚ ਬਣਾਇਆ ਗਿਆ ਹੈ ਅਤੇ ਇਸ ਦੇ ਤਿੰਨ ਪ੍ਰਵੇਸ਼ ਦੁਆਰ ਹਨ। ਧਰੁਵ ਬੇਰਾ ਮੰਦਰ ਦਾ ਮੁੱਖ ਦੇਵਤਾ ਹੈ ਜਿਸ ਨੂੰ ਊਰਜਾ ਦਾ ਸਰੋਤ ਮੰਨਿਆ ਜਾਂਦਾ ਹੈ। ਦਾਨ ਦੇ ਲਿਹਾਜ਼ ਨਾਲ ਇਹ ਸਭ ਤੋਂ ਅਮੀਰ ਭਾਰਤੀ ਮੰਦਰ ਹੈ।







ਸੀਤਾ ਰਾਮਚੰਦਰ ਸਵਾਮੀ ਮੰਦਿਰ ਗੋਦਾਵਰੀ ਨਦੀ ਦੇ ਕੰਢੇ ਭਦਰਚਲਮ ਕਸਬੇ ਵਿੱਚ ਸਥਿਤ ਹੈ। ਇਹ ਭਗਵਾਨ ਵਿਸ਼ਨੂੰ ਦੇ ਅਵਤਾਰ ਭਗਵਾਨ ਰਾਮ ਨੂੰ ਸਮਰਪਿਤ ਹੈ। ਮੰਦਰ ਨੂੰ ਅਕਸਰ ਦੱਖਣ ਦੀ ਅਯੁੱਧਿਆ ਕਿਹਾ ਜਾਂਦਾ ਹੈ। ਲੋਕ ਇੱਥੇ ਸਵੈ-ਪ੍ਰਗਟ ਮੂਲਵਰ ਦੀ ਪੂਜਾ ਕਰਦੇ ਹਨ ਜੋ ਸਤਾਰ੍ਹਵੀਂ ਸਦੀ ਦੌਰਾਨ ਇੱਕ ਸਥਾਨਕ ਕਬੀਲੇ ਦੁਆਰਾ ਖੋਜਿਆ ਗਿਆ ਸੀ। ਮੰਦਰ ਉਹ ਥਾਂ ਹੈ ਜਿੱਥੇ ਭਗਵਾਨ ਰਾਮ ਦੀਆਂ ਬ੍ਰਹਮ ਕਥਾਵਾਂ ਅਤੇ ਭਦਰਚਲਾ ਰਾਮਦਾਸੂ ਦਾ ਅਟੁੱਟ ਪਿਆਰ ਜੀਵਨ ਵਿੱਚ ਆਉਂਦਾ ਹੈ।



ਸਾਰੰਗਪਾਨੀ ਮੰਦਿਰ ਤਾਮਿਲਨਾਡੂ ਦੇ ਕੁੰਬਕੋਨਮ ਵਿੱਚ ਸਥਿਤ ਹੈ। ਇਹ ਭਗਵਾਨ ਵਿਸ਼ਨੂੰ ਦੇ ਸਨਮਾਨ ਵਿੱਚ ਬਣਾਏ ਗਏ ਇੱਕ ਸੌ ਅੱਠ ਮੰਦਰ ਸਮੂਹਾਂ ਵਿੱਚੋਂ ਇੱਕ ਹੈ। ਇਹ ਮੰਦਰ ਪੰਚ ਖੇਤਰਮ ਦਾ ਇੱਕ ਮਹੱਤਵਪੂਰਨ ਹਿੱਸਾ ਵੀ ਹੈ। ਇਸ ਨੂੰ ਦੇਵੀ ਲਕਸ਼ਮੀ ਦਾ ਜਨਮ ਸਥਾਨ ਮੰਨਿਆ ਜਾਂਦਾ ਹੈ। ਮੰਦਰ ਦੇ ਅਹਾਤੇ ਦੇ ਅੰਦਰ, ਬਹੁਤ ਸਾਰੇ ਸਰੋਵਰ ਹਨ ਜਿੱਥੇ ਸ਼ਰਧਾਲੂ ਪਵਿੱਤਰ ਇਸ਼ਨਾਨ ਕਰਦੇ ਹਨ। ਕੰਪਲੈਕਸ ਵਿੱਚ ਪਾਣੀ ਦੀਆਂ ਵਿਸ਼ੇਸ਼ਤਾਵਾਂ ਅਤੇ ਮੰਦਰ ਦੇ ਸਾਰੇ ਅਸਥਾਨ ਸ਼ਾਮਲ ਹਨ, ਜਦੋਂ ਕਿ ਮੰਦਰ ਇੱਕ ਵਿਸ਼ਾਲ ਗ੍ਰੇਨਾਈਟ ਦੀਵਾਰ ਨਾਲ ਘਿਰਿਆ ਹੋਇਆ ਹੈ।



ਆਦਿਕੇਸ਼ਵ ਪੇਰੂਮਲ ਮੰਦਿਰ ਨੂੰ 108 ਦਿਵਿਆ ਦੇਸਾਂ ਵਿੱਚੋਂ ਇੱਕ ਵਜੋਂ ਜਾਣਿਆ ਜਾਂਦਾ ਹੈ। ਮੰਦਰ ਦਰਵਾਜ਼ੇ, ਛੱਤਾਂ ਅਤੇ ਲੱਕੜ ਦੇ ਥੰਮ੍ਹਾਂ ਨਾਲ ਦ੍ਰਾਵਿੜ ਆਰਕੀਟੈਕਚਰਲ ਸ਼ੈਲੀ ਵਿੱਚ ਬਣਾਇਆ ਗਿਆ ਹੈ। ਮੰਦਰ ਦੇ ਅੰਦਰ, ਸੰਸਕ੍ਰਿਤ ਅਤੇ ਤਾਮਿਲ ਦੋਨਾਂ ਵਿੱਚ ਲਗਭਗ ਪੰਜਾਹ ਸ਼ਿਲਾਲੇਖ ਹਨ। ਇਸ ਮੰਦਰ ਦੀ ਇੱਕ ਕਮਾਲ ਦੀ ਵਿਸ਼ੇਸ਼ਤਾ 18 ਫੁੱਟ ਚੌੜਾ ਅਤੇ 3 ਫੁੱਟ ਉੱਚਾ ਓਟਕਕਲ ਮੰਡਪਮ ਹੈ। ਇਹ ਮੰਦਰ ਸੱਤਵੀਂ ਜਾਂ ਅੱਠਵੀਂ ਸਦੀ ਦੇ ਸ਼ੁਰੂ ਤੋਂ ਹੀ ਮੌਜੂਦ ਹੈ।





ਸ਼੍ਰੀਨਾਥਜੀ ਮੰਦਿਰ ਭਗਵਾਨ ਵਿਸ਼ਨੂੰ ਦੇ ਰੂਪ ਭਗਵਾਨ ਕ੍ਰਿਸ਼ਨ ਨੂੰ ਸਮਰਪਿਤ ਹੈ। ਇਹ ਰਾਜਸਥਾਨ ਦੇ ਨਾਥਦੁਆਰੇ ਵਿੱਚ ਬਨਸ ਨਦੀ ਦੇ ਕੰਢੇ ਸਥਿਤ ਹੈ। ਹਿੰਦੂ ਗ੍ਰੰਥਾਂ ਦੇ ਅਨੁਸਾਰ, ਕ੍ਰਿਸ਼ਨਾ ਰਾਜਕੁਮਾਰੀ ਅਜਬ ਕੁੰਵਾਰੀ ਨੂੰ ਮਿਲਣ ਲਈ ਅਕਸਰ ਮੇਵਾੜ ਜਾਂਦੇ ਸਨ। ਉਸ ਨੇ ਕ੍ਰਿਸ਼ਨ ਨੂੰ ਆਪਣੇ ਨਾਲ ਰਹਿਣ ਲਈ ਜ਼ੋਰ ਪਾਇਆ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼੍ਰੀਨਾਥਜੀ ਮੰਦਰ ਉਸ ਵਾਅਦੇ ਨੂੰ ਦਰਸਾਉਂਦਾ ਹੈ। ਮੰਦਰ ਨੂੰ ਸ਼੍ਰੀਨਾਥ ਜੀ ਦੀ ਨੰਦਾ ਭਵਨ ਜਾਂ ਹਵੇਲੀ ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਇੱਕ ਮਹਿਲ ਵਰਗਾ ਲੱਗਦਾ ਹੈ। ਮੰਦਰ ਦੇ ਤਾਜ 'ਤੇ, ਇੱਕ ਕਲਸ਼ ਹੈ.

ਲਕਸ਼ਮੀਨਾਰਾਇਣ ਮੰਦਰ ਨੂੰ ਬਿਰਲਾ ਮੰਦਰ ਵੀ ਕਿਹਾ ਜਾਂਦਾ ਹੈ। ਇਹ ਦਿੱਲੀ, ਭਾਰਤ ਵਿੱਚ ਸਥਿਤ ਸਭ ਤੋਂ ਮਸ਼ਹੂਰ ਹਿੰਦੂ ਮੰਦਰਾਂ ਵਿੱਚੋਂ ਇੱਕ ਹੈ। ਮੰਦਰ ਦਾ ਨਿਰਮਾਣ ਸਾਲ 1933 ਵਿੱਚ ਸ਼ੁਰੂ ਹੋਇਆ ਸੀ। ਸ਼੍ਰੀ ਰਾਮੇਸ਼ਵਰ ਦਾਸ ਬਿਰਲਾ ਅਤੇ ਸ਼੍ਰੀ ਜੁਗਲ ਕਿਸ਼ੋਰ ਬਿਰਲਾ ਨੇ ਇਸ ਮੰਦਰ ਦਾ ਨਿਰਮਾਣ ਕਰਵਾਇਆ ਸੀ। ਇਹ ਮੰਦਰ ਨਰਾਇਣ ਭਗਵਾਨ ਅਤੇ ਲਕਸ਼ਮੀ ਦੇਵੀ ਨੂੰ ਸਮਰਪਿਤ ਹੈ ਅਤੇ ਉਨ੍ਹਾਂ ਦੀਆਂ ਮੂਰਤੀਆਂ ਕੇਂਦਰੀ ਮੰਦਰ ਵਿੱਚ ਸਥਿਤ ਹਨ। ਇਹ 7.5 ਏਕੜ ਵਿੱਚ ਫੈਲਿਆ ਹੋਇਆ ਹੈ ਅਤੇ ਇਸ ਵਿੱਚ ਸੁੰਦਰ ਝਰਨੇ, ਗੁਰਦੁਆਰੇ ਅਤੇ ਬਗੀਚੇ ਹਨ।





ਤਿਰੂਵਲਮ ਸ਼੍ਰੀ ਪਰਸੁਰਾਮ ਦੋ ਹਜ਼ਾਰ ਸਾਲ ਪੁਰਾਣਾ ਮੰਦਰ ਹੈ ਜੋ ਕਰਮਾਨਾ, ਪਾਰਵਤੀ ਪੁਥਾਨਾਰ ਅਤੇ ਕਿੱਲੀ ਨਦੀਆਂ ਦੇ ਸੰਗਮ ਦੇ ਨੇੜੇ ਸਥਿਤ ਹੈ। ਇਹ ਕੇਰਲਾ ਵਿੱਚ ਇੱਕੋ ਇੱਕ ਅਧਿਆਤਮਿਕ ਸਥਾਨ ਹੈ ਜੋ ਯੋਧਾ ਰਿਸ਼ੀ ਭਗਵਾਨ ਪਰਸੁਰਾਮ ਨੂੰ ਸਮਰਪਿਤ ਹੈ। ਮੁੱਖ ਪ੍ਰਵੇਸ਼ ਦੁਆਰ ਦੇ ਸਿਖਰ 'ਤੇ ਪਰਸੁਰਾਮ ਦੀ ਇੱਕ ਤਸਵੀਰ ਹੈ ਜੋ ਮਾਣ ਨਾਲ ਆਪਣੀ ਕੁਹਾੜੀ ਫੜੀ ਹੋਈ ਹੈ। ਮੰਦਿਰ ਨੂੰ ਬਣਾਉਣ ਲਈ ਕਾਲੇ ਗ੍ਰੇਨਾਈਟ ਦੀ ਵਰਤੋਂ ਕੀਤੀ ਗਈ ਹੈ ਅਤੇ ਇਹ ਉੱਤਮ ਕਾਰੀਗਰੀ ਨੂੰ ਦਰਸਾਉਂਦਾ ਹੈ।